
ੴ

ਮਾਸਕ ਪੱਤਰ

# ਸੂਰਾ

ਅੰਮ੍ਰਿਤਸਰ

## ਸ਼ਹੀਦੀ ਸਾਕਾ ਸ੍ਰੀ ਨਨਕਾਣਾ ਸਾਹਿਬ



ਇਸੇ ਖ਼ੂਨੀ ਦ੍ਰਿਸ਼ ਵਾਂਗ ਹੁਣ ਸਾਰੇ ਦੇਸ਼ ਵਿਚ ਅਗਿਣਤ ਸਿੱਖ ਬੱਚੇ, ਬੀਬੀਆਂ ਤੇ ਨੌਜਵਾਨ ਤੇਲ ਪਾ ਪਾ ਸਾੜੇ ਫੂਕੇ ਗਏ

ਮਾਰਚ ੧੯੮੫ MARCH 1985

www.AKJ.Org

# ਤਤਕਰਾ


| | | |
|---|---|---|
| ਹਿਰਦੇ ਵਸਾਉਣ ਵਾਲੀ ਕਥਾ | ੩ | ਭਾ: ਸਾ: ਭਾਈ ਰਣਧੀਰ ਸਿੰਘ ਜੀ |
| ਚੜ੍ਹਦੀਆਂ ਕਲਾ ਦਾ ਬੀਰ ਰਸ | ੪ | ,, ,, ,, |
| ਕੀ ਅਜੇ ਵੀ ਸਾਨੂੰ ਅਕਲ ਨਹੀਂ ਆਉਣੀ ? | ੬ | ਇਕ ਪੰਥ-ਦਰਦੀ |
| ਇਕ ਨਵੀਂ ਬਹਿਸ | ੧੧ | ਐਡੀਟਰ ਖਾਲਸਾ ਸਮਾਚਾਰ |
| ਇਕ ਡਾਕਟਰ ਦੀ ਹੱਡ-ਬੀਤੀ | ੧੨ | ਸ: ਮਦਨਦੀਪ ਸਿੰਘ ਜੀ |
| ਜੂਨ ਤੇ ਨਵੰਬਰ ੮੪ ਦੇ ਘਲੂਘਾਰਿਆਂ ਦਾ ਅਸਰ (ਕਵਿਤਾ) | ੧੪ | ਗਿ: ਗੋਪਾਲ ਸਿੰਘ ਜੀ ਮਿੱਤਰ |
| ਕੌਮੀ ਗ਼ਦਾਰ | ੧੫ | ਸ: ਸੰਤਾ ਸਿੰਘ ਜੀ ਆਜਿਜ਼ |
| ਕੇਸ | ੧੬ | ਡਾਕਟਰ ਚੰਦਾ ਸਿੰਘ ਜੀ |
| ਜਗਤ-ਰਚਨਾ | ੧੭ | ਗਿ: ਹਰਬੰਸ ਸਿੰਘ ਜੀ |
| ਅੰਮ੍ਰਿਤ | ੨੦ | ਭਾ: ਸਾ: ਭਾਈ ਵੀਰ ਸਿੰਘ ਜੀ |
| ਛੋਡੀਲੇ ਪਾਖੰਡਾ | ੨੧ | ਪ੍ਰੋ: ਬਲਵਿੰਦਰ ਪਾਲ ਸਿੰਘ ਜੀ |
| ਗਜ਼ਨੀ ਦੇ ਬਜ਼ਾਰਾਂ ਦੀ ਕਹਾਣੀ | ੨੨ | ਖਾਲਸਾ ਸਮਾਚਾਰ |
| ਮੇਰੀ ਅਣਖੀਲੀ ਕੌਮ (ਕਵਿਤਾ) | ੨੩ | ਸ: ਸੰਤਾ ਸਿੰਘ ਜੀ ਆਜਿਜ਼ |
| ਸਹੀ ਦੋਸ਼ | ੨੪ | ਸ: ਬਰਜਿੰਦਰ ਸਿੰਘ ਜੀ |
| ਖ਼ਾਨਾ-ਜੰਗੀ ਦੇ ਆਸਾਰ ਸ਼ੁਰੂ | ੨੬ | ਸ: ਖੁਸ਼ਵੰਤ ਸਿੰਘ ਜੀ |
| ਆਪਣੇ ਵਿਰਸੇ ਨਾਲ ਜੁੜੇ ਰਹਿਣ ਲਈ | ੨੮ | 'ਸੂਰਾ' ਪਰਵਾਰ |
| ਸ਼ਹੀਦ ਭਾਈ ਤਾਰਾ ਸਿੰਘ ਜੀ 'ਵਾਂ' (੫) | ੩੦ | ਕੈਪਟਿਨ ਸਵਰਨ ਸਿੰਘ ਜੀ |
| ਰੌਮਾਂ ਦੀ ਬੇਅਦਬੀ | ੩੪ | ਭਾਈ ਹਰਮਿੰਦਰ ਸਿੰਘ ਜੀ |
| ਫ਼ਿਰਕੂ ਦੰਗਿਆਂ ਲਈ ਜ਼ਿੰਮੇਵਾਰ ਕੌਣ ? | ੩੫ | ਭਗਤ ਪੂਰਨ ਸਿੰਘ ਜੀ |
| ਇਸ ਵੇਲੇ ਸਭ ਤੋਂ ਵੱਡੀ ਮੰਗ ਕੀ ਹੋਵੇ ? | ੩੭ | ਸ: ਪਿਆਰਾ ਸਿੰਘ ਜੀ ਭੋਗਲ |
| ਅਕਾਲੀ ਕੌਰ ਸਿੰਘ ਜੀ ਦੀ ਪਿਆਰੀ ਸ਼ਖ਼ਸੀਅਤ | ੩੯ | ਸ: ਅਤਰ ਸਿੰਘ ਜੀ |


ਸ੍ਰੀ ਗੁਰੂ ਹਰਿ ਰਾਇ ਸਾਹਿਬ ਗੁਰਿਆਈ ਮਿਲੀ ੧੯ ਮਾਰਚ  ਸ੍ਰੀ ਗੁਰੂ ਅੰਗਦ ਸਾਹਿਬ ਜੋਤੀ ਜੋਤ ਸਮਾਏ ੨੫ ਮਾਰਚ
ਸ੍ਰੀ ਗੁਰੂ ਅਮਰਦਾਸ ਜੀ ਗੁਰਿਆਈ ਮਿਲੀ ੨੨ ਮਾਰਚ  ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੋਤੀ ਜੋਤ ਸਮਾਏ ੨੬ ਮਾਰਚ

## ਭਾ: ਸਾ: ਭਾਈ ਰਣਧੀਰ ਸਿੰਘ ਸਕਾਲਰਸ਼ਿਪ ਸਕੀਮ

ਵੀਹਵੀਂ ਸਦੀ ਵਿਚ ਪਦਾਰਥ-ਵਾਦੀ ਰੁਚੀਆਂ ਦੇ ਮਾਰੂ ਪ੍ਰਭਾਵਾਂ ਤੋਂ ਸਿਖ ਬੱਚਿਆਂ ਨੂੰ ਬਚਾਉਣ ਲਈ ਅਤੇ ਉਨ੍ਹਾਂ ਵਿਚ ਧਾਰਮਕ ਰੁਚੀਆਂ ਉਜਾਗਰ ਕਰਨ ਲਈ ਉਪਰੋਕਤ ਸਕੀਮ ਅਖੰਡ ਕੀਰਤਨੀ ਜਥੇ ਵਲੋਂ ਚਾਲੂ ਕੀਤੀ ਗਈ ਹੈ। ਇਸ ਸਕੀਮ ਅਧੀਨ ਹਰ ਸਾਲ ਗੁਰਬਾਣੀ ਦੇ ਪਠਨ-ਪਾਠਨ ਤੇ ਖਾਲਸਾ ਰਹਿਤ ਪ੍ਰਤੀ ਲਗਨ ਦੇ ਅਧਾਰ ਤੇ ਸਕੂਲਾਂ ਕਾਲਜਾਂ ਦੇ ਗੁਰਸਿਖ ਬੱਚਿਆਂ ਨੂੰ ੫੦/-, ੮੦/- ਅਤੇ ੧੦੦/- ਮਹੀਨੇ ਦੇ ਹਿਸਾਬ ਇਕ ਇਕ ਸਾਲ ਲਈ ਵਜ਼ੀਫ਼ੇ ਦਿਤੇ ਜਾਂਦੇ ਹਨ। ਨਵੰਬਰ ੧੯੮੪ ਵਿਚ ਦਿਲੀ ਸਮਾਗਮ ਤੇ ਜੋ ਪ੍ਰੀਖਿਆ ਹੋਣੀ ਸੀ, ਓਹ ਹਾਲਾਤ ਦੀ ਮਜਬੂਰੀ ਕਾਰਨ ਉਥੇ ਸਮਾਗਮ ਨਾ ਹੋ ਸਕਿਆ ਅਤੇ ਇਹ ਪ੍ਰੀਖਿਆ ਲੁਧਿਆਣਾ ਪੋਹ ਸੁਦੀ ਸਪਤਮੀ ਸਮਾਗਮ ਸਮੇਂ ਲਈ ਗਈ। ਹੇਠ ਲਿਖੇ ਬੱਚਿਆਂ ਨੂੰ ਯੋਗਤਾ ਅਨੁਸਾਰ ਵਜ਼ੀਫ਼ੇ ਦਿਤੇ ਗਏ—

ਪਹਿਲਾ ਦਰਜਾ ੬੦੦/- ਬੀਬੀ ਰਾਜਿੰਦਰ ਕੌਰ ਸਪੁਤਰੀ ਸ: ਕੁਲਵਿੰਦਰ ਸਿੰਘ ਜਲੰਧਰ।

ਦੂਜਾ ਦਰਜਾ ੯੬੦/- ਭਾਈ ਕਮਲਦੀਪ ਸਿੰਘ ਸਪੁਤਰ ਸ: ਹਰਦੇਵ ਸਿੰਘ ਚੰਡੀਗੜ੍ਹ। ਭਾਈ ਗੁਰਪਾਲ ਸਿੰਘ ਸਪੁਤਰ ਸ: ਜਗਜੀਤ ਸਿੰਘ, ਲੁਧਿਆਣਾ। ਭਾਈ ਅਵਤਾਰ ਸਿੰਘ ਸਪੁਤਰ ਸ: ਕੁਲਵਿੰਦਰ ਸਿੰਘ, ਜਲੰਧਰ। ਬੀਬੀ ਰੂਪਿੰਦਰ ਕੌਰ ਸਪੁਤਰੀ ਸ: ਕੁਲਵਿੰਦਰ ਸਿੰਘ ਜਲੰਧਰ। ਬੀਬੀ ਗੁਰਮੇਹਰ ਕੌਰ ਸਪੁਤਰੀ ਸ: ਹਰਮੋਹਨ ਸਿੰਘ ਲੁਧਿਆਣਾ। ਭਾਈ ਓਅੰਕਾਰ ਬਖ਼ਸ਼ ਸਿੰਘ ਸਪੁਤਰ ਸ: ਹਰਮੋਹਨ ਸਿੰਘ, ਲੁਧਿਆਣਾ। ਬੀਬੀ ਮਨਮੋਹਨ ਕੌਰ ਸਪੁਤਰੀ ਸ: ਸੁਜਾਨ ਸਿੰਘ ਮੋਹਾਲੀ।

ਖਾਲਸਾ ਜੀ ਦਾ ਸੇਵਕ —ਰਾਮ ਸਿੰਘ (ਜਥੇਦਾਰ) ਅਖੰਡ ਕੀਰਤਨੀ ਜਥਾ

www.AKJ.Org

# ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ ॥


ੴ ਵਾਹਿਗੁਰੂ ਜੀ ਕੀ ਫ਼ਤਹ

# ਸੂਰਾ

ਮਾਸਕ ਸ੍ਰੀ ਅੰਮ੍ਰਿਤਸਰ ਪੱਤਰ

**ਸਾਲਾਨਾ ਚੰਦਾ**

| | |
|---|---|
| ਦੇਸ | ੧੫-੦੦ |
| ਇਕ ਪਰਚਾ | ੧-੫੦ |
| **ਪਰਦੇਸ** | |
| ਸਮੁੰਦਰੀ ਡਾਕ | ੩੫-੦੦ |
| **ਹਵਾਈ ਡਾਕ** | |
| ਅਰਬ, ਮਲਾਇਆ | ੫੫-੦੦ |
| ਯੂ. ਕੇ., ਅਫ਼ਰੀਕਾ | ੭੫-੦੦ |
| ਕੈਨੇਡਾ, ਅਮਰੀਕਾ | ੯੦-੦੦ |
| **ਅਮਾਨਤੀ** | |
| **ਲਾਈਫ਼ ਮੈਂਬਰ** | |
| ਦੇਸ | ੧੫੦-੦੦ |
| ਪਰਦੇਸ | ੩੫੦-੦੦ |
| **ਹਵਾਈ ਡਾਕ** | |
| ਯੂ. ਕੇ. ਅਫਰੀਕਾ | ੭੫੦-੦੦ |
| ਕੈਨੇਡਾ, ਅਮਰੀਕ | ੯੦੦-੦੦ |
| ਅਰਬ ਮਲਾਇਆ | ੫੫੦-੦੦ |

## ਅਖੰਡ ਕੀਰਤਨੀ ਜੱਥੇ ਵਲੋਂ ਨਿਰੋਲ ਗੁਰਮਤਿ ਮਾਸਕ ਪੱਤਰ

ਜਿਲਦ ੧੯ — ਮਾਰਚ ੧੯੯੫ — ਅੰਕ ੩


## ਹਿਰਦੇ ਵਸਾਉਣ ਵਾਲੀ ਕਥਾ

ਹਰਿ ਕੀ ਕਥਾ ਹਿਰਦੈ ਬਸਾਵੈ ॥ ਸੋ ਪੰਡਿਤੁ ਫਿਰਿ ਜੋਨਿ ਨ ਆਵੈ ॥

[ਸੁਖਮਨੀ ਸਾਹਿਬ, ਅਸਟਪਦੀ ੯-੪

ਹਿਰਦੇ ਬਸਾਉਣ ਵਾਲੀ ਕਥਾ ਸਿਵਾਇ ਨਾਮ ਤੋਂ ਹੋਰ ਕਿਹੜੀ ਹੋ ਸਕਦੀ ਹੈ ? ਹਰਿ ਕੀ ਕਥਾ ਅਸੀਂ ਹਿਰਦੇ ਵਿਚ ਵਸਾਉਣੀ ਹੈ। ਜੋ ਗਪੋੜ-ਸੰਖੀ ਕਥਾ ਆਮ ਕਥੋਗੜ ਪੁਰਸ਼ ਕਰਦੇ ਹਨ, ਕੀ ਉਹ ਸਾਰੀ ਗੱਲ-ਗਲੋਚੜੀ ਵਿਥਿਆ ਹਿਰਦੇ ਅੰਦਰਿ ਵਸਾਉਣ ਦੇ ਲਾਇਕ ਹੈ ਜਾਂ ਕਦ ਹਿਰਦੇ ਅੰਦਰਿ ਵਸਾਈ ਜਾ ਸਕਦੀ ਹੈ ? ਕਥੋਗੜ ਗਿਆਨੀ ਏਧਰ ਓਧਰਲੀਆਂ ਕਥਾਂ ਪਾ ਕੇ ਭੁਲ ਜਾਂਦੇ ਹਨ। ਏਥੇ ਤਾਂ 'ਹਰਿ-ਕਥਾ' ਉਹ ਹੈ ਜੋ ਹਰਿ-ਕਥਾ ਕਰਨ ਵਾਲੇ ਅਭਿਆਸੀ ਜਨ ਸੱਚੇ ਗੁਰਮੁਖ ਪੰਡਿਤ ਨੂੰ ਫੇਰ ਜੋਨੀਆਂ ਵਿਚ ਨਹੀਂ ਲਿਆਉਂਦੀ। ਬਸ ਇਹ ਹਿਰਦੇ ਵਿਚਿ ਵਸਣ ਰਸਣ ਵਾਲੀ ਕਥਾ ਸਿਵਾਏ ਨਾਮ ਬਾਣੀ ਤੋਂ ਹੋਰ ਨਹੀਂ ਹੋ ਸਕਦੀ।

[ਭਾ: ਸਾ: ਰਣਧੀਰ ਸਿੰਘ ਜੀ ਰਚਿਤ "ਕਥਾ ਕੀਰਤਨ" ਚੋਂ




www.AKJ.Org

# ਚੜ੍ਹਦੀਆਂ ਕਲਾ ਦਾ ਬੀਰ ਰਸ

[ਗੁਰਪੁਰ ਵਾਸੀ ਭਾ: ਸਾ: ਭਾਈ ਰਣਧੀਰ ਸਿੰਘ ਜੀ]

ਸ੍ਰੀ ਸਾਹਿਬ ਦਾ ਸੱਚਾ ਸਨਮਾਨ ਸ਼ਸਤ੍ਰਧਾਰੀ ਖਾਲਸਾ ਜੀ ਲਈ ਨਿਰਭੈ ਪਦ ਦੇ ਦਾਤੇ ਸ੍ਰੀ ਕਲਗੀਧਰ ਨੇ ਇਸ ਪ੍ਰਕਾਰ ਵਰਨਣ ਕੀਤਾ ਹੈ–

ਖਗ ਖੰਡ ਬਿਹੰਡੰ ਖਲ ਦਲ ਖੰਡੰ, ਅਤਿ ਰਣ ਮੰਡੰ ਬਰਬੰਡੰ ॥
ਭੁਜ ਦੰਡ ਅਖੰਡੰ ਤੇਜ ਪ੍ਰਚੰਡੰ, ਜੋਤਿ ਅਮੰਡੰ ਭਾਨ ਪ੍ਰਭੰ ॥
ਸੁਖ ਸੰਤਾ ਕਰਣੰ ਦੁਰਮਤਿ ਦਰਣੰ, ਕਿਲਬਿਖ ਹਰਣੰ, ਅਸਿ ਸਰਣੰ ॥
ਜੈ ਜੈ ਜਗ ਕਾਰਣ ਸ੍ਰਿਸਟ ਉਬਾਰਣ, ਮਮ ਪ੍ਰਤਿਪਾਰਣ ਜੈ ਤੇਗੰ ॥੨॥

[ਬਚਿਤ੍ਰ ਨਾਟਕ ਪਾ: ੧੦, ਪ੍ਰਿਥਮ ਧਿਆਇ

ਭੈ ਦੇਣਹਾਰਿਆਂ ਖਲਦਲੀ ਜਰਵਾਣਿਆਂ ਦੇ **ਜ਼ੋਰ ਜ਼ੁਲਮ ਤੋਂ ਸੁਤੰਤਰਤਾ ਦੇਣਹਾਰੀ ਇਹ ਸ੍ਰੀ ਸਾਹਿਬ ਹੈ ਅਤੇ ਅਵਸਰ ਪਏ ਤੇ ਕੇਵਲ ਸ੍ਰੀ ਸਾਹਿਬ ਦਾ ਸਹਾਰਾ ਲੈਣਾ ਹੀ ਗੁਣਕਾਰੀ ਹੈ।** ਅਤੇ ਇਸ ਸਹਾਇਤਾ ਸਹਾਰੇ ਨਮਿਤ ਸ੍ਰੀ ਸਾਹਿਬ ਦਾ ਵਰਤਣਾ ਪੂਰਨ ਧਰਮ-ਨਿਆਉਂ ਅਤੇ ਪਰਲੇ ਦਰਜੇ ਦਾ ਪਰਉਪਕਾਰ ਹੈ। ਏਸੇ ਪਰਉਪਕਾਰ ਨਮਿਤ ਹੀ ਸ੍ਰੀ ਦਸਮੇਸ਼ ਪਿਤਾ ਜਗਤ ਵਿਖੇ ਪਠਾਏ ਗਏ ਅਤੇ ਏਸੇ ਪਰਉਪਕਾਰ-ਪੁੰਜ ਪਿਤਾ ਦਸਮੇਸ਼ ਜੀ ਨੇ ਅਕਾਲੀ ਖਾਲਸਾ ਪੰਥ ਅਕਾਲ ਪੁਰਖ ਦੀ ਖ਼ਾਸ ਆਗਿਆ ਅਨੁਸਾਰ ਚਲਾਇਆ। ਸ੍ਰੀ ਦਸਮੇਸ਼ ਬਿਥਾਰੇ ਏਸ ਪਰਉਪਕਾਰ ਦੇ ਆਦਰਸ਼ (ideal) ਨੂੰ ਛਡ ਕੇ ਕਿਸੇ ਹੋਰਸ ਦੇ ਚਲਾਏ ਆਦਰਸ਼ ਪਿਛੇ ਖਾਲਸਾ ਜੀ ਦਾ ਲਗਣਾ, ਨਾ-ਕੇਵਲ ਸ੍ਰੀ ਦਸਮੇਸ਼ ਜੀ ਦੇ ਚਲਾਏ ਅਟੱਲ ਆਦਰਸ਼ ਤੋਂ ਬੇਮੁਖ ਹੋਣਾ ਹੈ, ਬਲਕਿ ਪਰਉਪਕਾਰ ਦੇ ਉਚ ਪਉੜੇ ਤੋਂ ਹਿਠਾਹਾਂ ਡਿਗਣਾ ਹੈ।

ਮਗਰ ਯਾਦ ਰਹੇ ਕਿ ਇਹ ਪਰਉਪਕਾਰ ਦਾ ਨਿਰਭੈ ਪਦ, ਨਾਮ ਮਹਾਂ ਰਸ ਦੀ ਕਮਾਈ ਦਾ ਸਿਖਰਲਾ ਡੰਡਾ ਹੈ। ਏਥੇ ਅਪੜ ਕੇ ਹੀ ਪੁਰਸ਼ ਪਰਉਪਕਾਰੀ ਹੋ ਸਕਦਾ ਹੈ। ਜਿਨ੍ਹਾਂ ਦੇ ਪ੍ਰਮਾਰਥੀ ਜੀਵਨ ਆਤਮ-ਬਲ ਦੇ ਤਾਣ ਆਪੇ ਤੋਂ ਉਚੇ ਹੋ ਚੁਕੇ ਹਨ, ਜਿਨ੍ਹਾਂ ਦੀ ਆਤਮ-ਬਿਰਤੀ ਭਜਨ-ਬਾਣੀ ਦੇ ਪ੍ਰਤਾਪ ਨਾਲ ਦੇਹ-ਅਧਿਆਸ ਤੋਂ ਰਹਿਤ ਹੋ ਚੁਕੀ ਹੈ, ਜੋ ਨਾਮ-ਰਸਾਇਣੀ ਅਮਲ (ਨਸ਼ੇ) ਨਾਲ ਖੀਵੇ ਹੋ ਕੇ ਦੇਹੋਂ ਬਦੇਹ ਹੋ ਚੁਕੇ ਹਨ, ਜਿਨ੍ਹਾਂ ਦੀ ਅਮਲੀ ਭਗਤਿ-ਕਮਾਈ "ਕਬੀਰ ਤੂੰ ਤੂੰ ਕਰਤਾ ਤੂ ਹੂਆ ਮੁਝ ਮਹਿ ਰਹਾ ਨ ਹੂੰ ॥ ਜਬ ਆਪਾ ਪਰ ਕਾ ਮਿਟਿ ਗਇਆ ਜਤ ਦੇਖਉ ਤਤ ਤੂ" * ਦੀ ਪਦ੍ਵੀ (ਮੰਜ਼ਲ) ਤੀਕ ਪਹੁੰਚ ਚੁਕੀ ਹੈ, ਜਿਨ੍ਹਾਂ ਦੇ ਰਗੋ-ਰੇਸ਼ੇ ਅੰਦਰ ਚੜ੍ਹਦੀਆਂ ਕਲਾਂ ਵਾਲਾ ਬੀਰ ਰਸ ਹਰ-ਦਮ ਠਾਠਾਂ ਮਾਰਿ ਮਾਰਿ ਉਠਦਾ ਹੈ, ਓਹੀ ਕੇਵਲ-ਓਹੀ ਪੁਰਸ਼ ਹੀ ਪਰਉਪਕਾਰੀ ਬਣ ਸਕਦੇ ਹਨ।

## ਸਿਖ ਸ਼ਹੀਦਾਂ ਦਾ ਬੀਰ ਰਸ–

ਪਰਉਪਕਾਰ ਨਮਿਤ ਬੀਰ ਰਸ ਦੇ ਅੰਤਰ ਆਤਮੇ ਹੋਣ ਤੋਂ ਭਾਵ ਇਹ ਹੈ ਕਿ ਸਾਹਮਣੇ ਦੀਨਾਂ ਦੁਖੀਆਂ ਉਪਰ ਜਬਰ ਹੋ ਰਿਹਾ ਹੋਵੇ, ਧਰਮ ਦੀ ਹਾਨੀ ਹੋ ਰਹੀ ਹੋਵੇ, ਅਤੇ ਅਨਿਆਉਂ ਅਤਿਆਚਾਰ ਦਾ ਬਜ਼ਾਰ ਗਰਮ ਹੋਵੇ, ਓਥੇ ਜਿਸ ਦੇ ਰਿਦੰਤਰਿ ਦੀਨ-ਰੱਖਿਆ ਅਤੇ ਹਤਿਆ ਹਤਨ ਦੇ ਅਗੰਮੀ ਵਲਵਲੇ ਉਠਣ, ਪਰੰਤੂ ਵੈਰ ਵਿਰੋਧ ਤੇ ਕ੍ਰੋਧ ਹੰਕਾਰ ਦੀ ਅੰਸ਼ ਮਾਤਰ ਭੀ ਏਹਨਾਂ ਵਲਵਲਿਆਂ ਅੰਦਰਿ ਨਾ ਹੋਵੇ, ਅਤੇ ਏਹ ਵਲਵਲੇ ਤਨ

*ਸਲੋਕ ਕਬੀਰ ਜੀ, ਨੰਬਰ ੨੦੪, ਪੰਨਾ ੧੩੭੫



www.AKJ.Org

ਮਨ ਧਨ ਅਤੇ ਸਰਬੰਸ ਵਾਰ ਦੇਣ ਦਾ ਅਮਲੀ ਜਾਮਾ ਪਹਿਰਾਉਣ ਦੀ ਤਾਰ-ਬਰਕੀ-ਕਲਾ ਵਰਤਾ ਦੇਣ, ਤਾਂ ਜਾਣੀਏ ਕਿ ਬੀਰ ਰਸ ਵਾਲਾ ਪਰਉਪਕਾਰੀ ਜੀਵਨ ਉਤਪੰਨ ਹੋ ਗਿਆ ਹੈ। ਜਿਉਂ ਜਿਉਂ ਇਸ ਬੀਰ ਰਸ ਦੀ ਤਾਰ-ਕਲਾ ਅੰਦਰਿ ਫਿਰਦੀ ਹੈ, ਤਿਉਂ ਤਿਉਂ ਨਾਮ ਦਾ ਖੰਡਾ ਦੂਣ ਸਵਾਇਆ ਖੜਕਦਾ ਹੈ। ਅੰਤਰ ਇਹ 'ਨਾਮ ਦਾ ਖੰਡਾ' ਖੜਕਦਾ ਹੋਵੇ ਅਤੇ ਬਾਹਰ ਨਿਜ ਭੁਜ-ਬਲ ਤੋਂ ਬਾਹਯ-ਮੁਖੀ ਸ਼ਤਰੂਆਂ ਦੁਸ਼ਟਾਂ ਨੂੰ ਦਮਨ ਕਰਨਹਾਰਾ ਸਰਬ ਲੋਹ ਦਾ ਖੜਗ-ਖੰਡਾ ਖੜਕ ਰਿਹਾ ਹੋਵੇ ਅਤੇ ਅੰਦਰਲੀ ਲਿਵਤਾਰ ਨਿਮਖ ਮਾਤਰ ਭੀ ਨਾ ਟੁਟੇ, ਇਹ ਬੀਰ ਰਸ ਅਤੇ ਪਰਉਪਕਾਰੀ ਯੋਧੇ ਦੇ ਵਾਸਤਵੀ ਲਛਣ ਹਨ। ਵਾਹ ! ਵਾਹ ! ਏਸ ਬਿਵਸਥਾ ਪ੍ਰਥਾਇ ਸ੍ਰੀ ਦਸਮੇਸ਼ ਜੀ ਦਾ ਇਹ ਮੁਖਵਾਕ ਕਿਹਾ ਸੁੰਦਰ ਫਬਦਾ ਹੈ। ਯਥਾ—

ਧੰਨ ਜੀਉ ਤਿਹ ਕੋ ਜਗ ਮੈਂ, ਮੁਖ ਤੇ ਹਰਿ ਚਿਤ ਮੈਂ ਜੁੱਧ ਬਿਚਾਰੈ॥
ਦੇਹ ਅਨਿੱਤ ਨ ਨਿੱਤ ਰਹੈ, ਜਸੁ ਨਾਵ ਚੜੈ ਭਵ ਸਾਗਰ ਤਾਰੈ॥
ਧੀਰਜ ਧਾਮ ਬਨਾਇ ਇਹੈ ਤਨੁ, ਬੁਧਿ ਸੁ ਦੀਪਕ ਜਿਉਂ ਉਜਿਆਰੈ॥
ਗਿਆਨਹਿ ਕੀ ਬਢਨੀ ਮਨਹੁ ਹਾਥ ਲੈ, ਕਾਤਰਤਾ ਕੁਤਵਾਰ ਬੁਹਾਰੈ॥੨੪੯੨॥

[ਦਸਮ ਗ੍ਰੰਥ, ਕ੍ਰਿਸ਼ਨਾ ਅਵਤਾਰ ਚੋਂ

ਪਰਉਪਕਾਰੀ ਬੀਰ ਨੂੰ ਮਰਨ ਕਾਲ ਦਾ ਤ੍ਰਾਸ ਨਹੀਂ, ਮਰ ਮਿਟਣ ਦੀ ਪਰਵਾਹ ਨਹੀਂ, ਲੱਖਾਂ ਖੂਹਣੀਆਂ ਦੇ ਮੁਖ਼ਾਲਫ ਲਸ਼ਕਰਾਂ ਦਾ ਭੈ ਨਹੀਂ। ਓਹ ਆਪ ਜੀਵਨ-ਮੁਕਤ ਹੈ ਅਤੇ ਜਿਨ੍ਹਾਂ ਨੂੰ ਤਲਵਾਰ ਦੇ ਘਾਟ ਉਤਾਰਦਾ ਹੈ, ਓਹਨਾਂ ਨੂੰ ਸ਼ਹੀਦੀ ਦਾ ਸ਼ਰਬਤ ਚਖਾਉਂਦਾ ਅਤੇ ਮੁਕਤ ਕਰਾਉਂਦਾ ਹੈ। ਓੜਕ ਆਪ ਭੀ ਸ਼ਹੀਦੀ ਮਰਤਬਾ ਪਾਉਂਦਾ ਹੈ। ਉਸ ਦੇ ਹੱਥੋਂ ਮਰਦਾ ਮਰਾਉਂਦਾ ਕੋਈ ਨਹੀਂ, ਬਲਕਿ ਹਰ ਕੋਈ ਉਸ ਦੀ ਸ੍ਰੀ ਸਾਹਿਬ ਦੀ ਭੇਟ ਹੋ ਕੇ ਅਮਰ ਪਦਵੀ ਪਾਉਂਦਾ ਹੈ। ਇਹੀ ਕਾਰਨ ਸੀ ਕਿ ਗੁਰੂ ਸਾਹਿਬ ਦੇ ਜੰਗਾਂ ਵਿਚੋਂ ਕਿਸੇ ਨੂੰ ਭੀ ਸ੍ਰੀ ਦਸਮੇਸ਼ ਜੀ ਦਾ ਤੀਰ ਵਿੰਨ੍ਹਦਾ ਸੀ, ਉਸ ਨੂੰ ਸੁਆਦ ਆ ਜਾਂਦਾ ਸੀ, ਪੀੜ ਨਹੀਂ ਸੀ ਪ੍ਰਤੀਤ ਹੁੰਦੀ, ਸਗੋਂ 'ਵਾਹ ਵਾਹ' ਕਰਦਾ ਹੋਇਆ ਅਮਰ ਅਨੰਦੀ ਹੋ ਜਾਂਦਾ ਸੀ; ਭਾਵੇਂ ਹਿੰਦੂ ਹੋਵੇ ਭਾਵੇਂ ਮੁਸਲਮਾਨ।

ਸ਼ਹੀਦ ਬਾਬਾ ਦੀਪ ਸਿੰਘ ਜੀ ਦੇ ਖੰਡੇ ਦਾ ਸ਼ਹੀਦੀ ਰਸ ਚਖ ਕੇ ਵੈਰ-ਵਿਰੋਧ ਦੀ ਅਗਨੀ ਨਾਲ ਸੜੇ ਹੋਏ ਹਿਰਦੇ ਭੀ ਸੀਤਲ ਅਤੇ ਸ਼ਾਂਤ ਹੋ ਜਾਂਦੇ ਸਨ। ਸ਼ਹੀਦ ਬਾਬੇ ਦਾ ਸੀਸ ਧੜ ਤੋਂ ਉਤਰ ਗਇਆ ਹੈ, ਨਾਮ ਦਿਆਂ ਰੰਗਾਂ ਸਹਿਤ ਲਾਲੋ ਲਾਲ ਹਸਮੁਖੀ ਚੇਹਰੇ ਦਾ ਸ਼ਾਂਤਮਈ ਨੂਰ ਜਿਉਂ ਕਾ ਤਿਉਂ ਦਗ ਦਗ ਕਰਦਾ ਹੈ। ਸੀਸ ਧੜ ਦੀ ਬਾਜ਼ੀ ਵਿਚ ਸੁਰਖ਼ਰੂ ਹੋ ਚੁਕੇ ਸ਼ਹੀਦ ਬਾਬੇ ਦਾ ਸੀਸ, ਬਾਬੇ ਦੀ ਬਾਂਵੀ ਭੁਜਾ ਉਤੇ ਬਿਰਾਜਮਾਨ ਹੁੰਦਾ ਹੋਇਆ, ਸ਼ਹੀਦੀ ਪਿੜ ਦੇ ਖਿਡਾਰੀਆਂ ਦੇ ਹੋਲੇ ਦਾ ਨਜ਼ਾਰਾ ਵੇਖਿ ਵੇਖਿ ਵਿਗਸ ਰਿਹਾ ਹੈ ਅਤੇ ਸੀਸੋਂ ਸਖਣਾ ਧੜ ਦਹਿਣੀ ਭੁਜ ਬਲ ਦੇ ਸਹਾਰੇ ਖੰਡਾ ਉਲਾਰ ਉਲਾਰ ਕੇ ਸੈਂਕੜਿਆਂ ਨੂੰ ਪਾਰ ਬੁਲਾ ਰਿਹਾ ਹੈ। ਨਹੀਂ ਨਹੀਂ, ਸ਼ਹੀਦੀ ਦਾ ਸ਼ਰਬਤ ਚਖਾ ਰਿਹਾ ਹੈ। ਅਤੇ ਤਿੰਨ ਮੀਲ ਲਗਾਤਾਰ ਇਹ ਬਹਾਰ ਬੱਝੀ ਤੁਰੀ ਜਾਂਦੀ ਹੈ। ਜਿਸ ਦਾ ਸਾਰ ਇਹ ਨਿਕਲਦਾ ਹੈ ਕਿ ਟਿੱਡੀ ਦਲ ਸ਼ਤਰੂਆਂ ਦੀ ਫੌਜ ਇਕ ਆਣ ਵਿਚ ਖੇਰੂੰ ਖੇਰੂੰ ਹੋ ਜਾਂਦੀ ਹੈ। ਇਸ ਬਿਰਤਾਂਤ ਦੀ ਗਵਾਹੀ ਇਤਿਹਾਸ ਦੇ ਰਹੇ ਹਨ ਅਤੇ ਸ਼ਹੀਦ ਬਾਬਾ ਦੀਪ ਸਿੰਘ ਜੀ ਦਾ ਪਵਿਤਰ ਪਰਉਪਕਾਰੀ ਨਾਮ ਜੁਗਾਂ ਪ੍ਰਯੰਤ ਸਫ਼ਾ-ਏ-ਹਸਤੀ ਉਤੇ ਕਾਇਮ ਰਹੇਗਾ। ਗੁਰੂ ਘਰ ਦੇ ਪਰਉਪਕਾਰ ਦੇ ਪੁਤਲਿਆਂ ਦੀ ਸੂਰਬੀਰਤਾ ਦਾ ਇਕੋ ਵੰਨਗੀ ਪੂਰਬਕ ਉਦਾਹਰਣ, ਬੀਰ ਰਸੀ ਪਰਉਪਕਾਰ ਦੀ ਸ਼ਾਂਤ-ਕਲਾ ਵਾਲੀ ਬਿਵਸਥਾ ਜਣਾਵਣ ਹਿਤ ਕਾਫ਼ੀ ਤੋਂ ਭੀ ਵਧੀਕ ਹੈ। ਇਹ ਆਦਰਸ਼ ਹੈ ਬੀਰ ਰਸ ਸੰਯੁਕਤੀ (ਸੰਗਮੀ) ਗੁਰਮਤਿ ਪਰਉਪਕਾਰ ਦਾ। ਇਸ ਤੋਂ ਸਾਫ਼ ਸਿੱਟਾ ਨਿਕਲਦਾ ਹੈ ਕਿ ਕੇਵਲ ਦੇਹੋਂ ਬਦੇਹ ਹੋ ਕੇ ਸੀਸ ਤਲੀ ਤੇ ਰਖਣ ਵਾਲੇ, ਅਤੁਟ ਲਿਵਤਾਰ ਦੇ ਧਨੀ ਗੁਰਮੁਖ ਪਿਆਰੇ ਹੀ ਪਰਉਪਕਾਰੀ ਬੀਰ-ਰਸੀਏ ਬਿਬੇਕੀ ਜਨ ਬਣ ਸਕਦੇ ਹਨ।

[ਪੁਸਤਕ 'ਗੁਰਮਤਿ ਬਿਬੇਕ' ਚੋਂ



www.AKJ.Org

# ਕੀ ਅਜੇ ਵੀ ਸਾਨੂੰ ਅਕਲ ਨਹੀਂ ਆਉਣੀ ?

[ਵਲੋਂ : ਇਕ ਪੰਥ-ਦਰਦੀ]

ਸਿੱਖੀ ਆਰਿਆਂ ਦੇ ਦੰਦਿਆਂ ਤੇ ਪਰਖੀ ਗਈ। ਦੇਗਾਂ ਵਿਚ ਉਬਾਲ ਕੇ ਸਿੱਖੀ ਸਿਦਕ ਦੀ ਪ੍ਰੀਖਿਆ ਲਈ ਗਈ। ਖੋਪਰੀਆਂ ਲੁਹਾ ਕੇ, ਚਰਖੜੀਆਂ ਤੇ ਚੜ੍ਹ ਕੇ, ਆਪਣਾ ਤੂੰਬਾ ਤੂੰਬਾ ਉਡਾ ਕੇ ਅਤੇ ਬੰਦ ਬੰਦ ਕਟਵਾ ਕੇ ਸਿੱਖ ਸਿਦਕ ਦੇ ਪੂਰਨੇ ਪਾਏ ਗਏ। ਵਰ੍ਹਦੀਆਂ ਗੋਲੀਆਂ ਵੀ ਸਿੱਖੀ ਸਿਦਕ ਨੂੰ ਨਾ ਡੁਲਾ ਸਕੀਆਂ। ਬੀ. ਟੀ. ਦੀਆਂ ਡਾਂਗਾਂ ਨਾਲ ਹੱਡ ਭੰਨਾ ਕੇ, ਘੋੜਿਆਂ ਦਿਆਂ ਸੁੰਮਾਂ ਹੇਠਾਂ ਲਿਤਾੜੇ ਜਾ ਕੇ ਅਤੇ ਇੰਜਣਾਂ ਦੇ ਪਹੀਆਂ ਹੇਠ ਚਕਨਾਚੂਰ ਹੋ ਕੇ ਵੀ ਸਿਖੀ ਸਿਦਕ ਵਧ ਤੋਂ ਵਧ ਪਰਫੁਲਤ ਹੁੰਦਾ ਰਿਹਾ।

ਇਤਿਹਾਸ ਗਵਾਹ ਹੈ ਕਿ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਅਤੇ ਨੌਵੇਂ ਸਤਿਗੁਰੂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀਆਂ ਸ਼ਹੀਦੀਆਂ ਗੁਰਸਿੱਖਾਂ ਲਈ ਚਾਨਣ-ਮੁਨਾਰਾ ਹਨ। ਦਸਮ ਪਾਤਸ਼ਾਹ ਜੀ ਅਤੇ ਉਨ੍ਹਾਂ ਦੇ ਬਾਗ-ਪਰਵਾਰ ਦੀਆਂ ਸ਼ਹੀਦੀਆਂ ਤੋਂ ਬਾਅਦ, ਸਿੱਖ ਇਤਿਹਾਸ ਵਿਚ ਬਾਬਾ ਬੰਦਾ ਸਿੰਘ ਤੋਂ ਲੈ ਕੇ ਸ਼ਹੀਦੀਆ ਦੀ ਇਤਨੀ ਲੰਮੀ ਕਹਾਣੀ ਹੈ ਜਿਸ ਨੂੰ ਪੜ੍ਹ ਸੁਣ ਅਤੇ ਅੱਖਾਂ ਸਾਹਮਣੇ ਲਿਆ ਕੇ ਹਰੇਕ ਇਨਸਾਨ ਦੇ ਰੌਂਗਟੇ ਖੜੇ ਹੋ ਜਾਂਦੇ ਹਨ।

ਸਿੱਖਾਂ ਦੀਆਂ ਸ਼ਹੀਦੀਆਂ ਦੇ ਇਸ ਇਤਿਹਾਸ ਨੂੰ ਪੜ੍ਹ ਕੇ ਹੀ ਇੰਗਲੈਂਡ ਦਾ ਇਕ ਪਾਦਰੀ ਲਿਖਦਾ ਹੈ ਕਿ ਸਾਡਾ ਇਕ ਸ਼ਹੀਦ 'ਈਸਾ' ਹੈ, ਜਿਸ ਦਾ ਪਰਚਾਰ ਕਰਨ ਨਾਲ ਅੱਧੀ ਦੁਨੀਆ ਈਸਾਈ ਬਣ ਗਈ ਹੈ। ਪਰ ਜਿਸ ਕੌਮ ਪਾਸ ਹਜ਼ਾਰਾਂ ਐਸੇ ਬੇਮਿਸਾਲ ਸ਼ਹੀਦ ਹੋਣ, ਜਿਨ੍ਹਾਂ ਦੇ ਅਡੋਲ ਸਿਦਕ ਅਤੇ ਲਾਸਾਨੀ ਸ਼ਹੀਦੀਆਂ ਦੀ ਮਿਸਾਲ ਦੁਨੀਆ ਭਰ ਦੇ ਇਤਿਹਾਸ ਵਿਚੋਂ ਨਹੀਂ ਲਭਦੀ, ਉਹ ਕੌਮ ਮੁੱਠੀ ਭਰ ਬੰਦਿਆਂ ਤਕ ਹੀ ਸੀਮਤ ਰਹਵੇ, ਕਿੰਨੇ ਕਹਿਰ ਦੀ ਗੱਲ ਹੈ !

ਵਕਤ ਵਕਤ ਦੀਆਂ ਹਕੂਮਤਾਂ ਵਲੋਂ ਕਈ ਵਾਰ ਸਿੱਖਾਂ ਦਾ ਨਾਮੋ ਨਿਸ਼ਾਨ ਸਫ਼ਾ-ਏ-ਹਸਤੀ ਤੋਂ ਮਿਟਾਉਣ ਦੇ ਸਿਰਤੋੜ ਜਤਨ ਕੀਤੇ ਗਏ, ਪਰ ਹਰ ਵਾਰ ਸਿੱਖ, ਸ਼ਹੀਦੀਆਂ ਦੇ ਜਾਮ ਪੀ ਕੇ ਅਤੇ ਦੁੱਖਾਂ ਭੁੱਖਾਂ ਦੀਆਂ ਭੱਠੀਆਂ ਦੇ ਤਾਅ ਸਹਿ ਕੇ ਦਹਿ-ਦੂਣੇ ਉਤਸ਼ਾਹ ਤੇ ਚਾਅ ਨਾਲ ਉਭਰਦੇ ਰਹੇ ਅਤੇ ਆਪਣੇ ਉਚੇ ਸੁੱਚੇ ਕਿਰਦਾਰ ਨਾਲ ਦੁਨੀਆ ਨੂੰ ਚਕ੍ਰਿਤ ਕਰਦੇ ਰਹੇ। ਧੰਨ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ! ਅਤੇ ਧੰਨ ਉਨ੍ਹਾਂ ਦੇ ਬਖਸ਼ੇ ਖੰਡੇ ਦੇ ਅੰਮ੍ਰਿਤ ਦੀ ਬਰਕਤ !!

ਜਿਉਂ ਜਿਉਂ ਸਿੱਖੀ ਨੂੰ ਸ਼ਹੀਦੀਆਂ ਦੀ ਇਹ ਪਾਣ ਚੜ੍ਹੀ ਤਿਉਂ ਤਿਉਂ ਸਿੱਖੀ ਹੋਰ ਤੇ ਹੋਰ ਚਮਕੀ ਅਤੇ ਗੁਰਸਿੱਖਾਂ ਦੇ ਜੀਵਨ ਨਿਰਮਲ, ਉਜਲ ਤੇ ਪਵਿੱਤਰ ਹੁੰਦੇ ਰਹੇ। ਜ਼ਾਲਮਾਂ ਦੋਖੀਆਂ ਵਲੋਂ ਦਿੱਤੇ ਜਾਂਦੇ ਕਸ਼ਟ ਅਤੇ ਤਸੀਹੇ ਗੁਰਸਿੱਖਾਂ ਲਈ 'ਦੁਖ ਦਾਰੂ' ਹੋ ਨਿਬੜਦੇ ਰਹੇ। ਹਰ ਪ੍ਰੀਖਿਆ ਵਿਚੋਂ ਸਿੱਖੀ ਵਿਚੋਂ ਖੋਟ ਦੂਰ ਹੁੰਦਾ ਰਿਹਾ ਅਤੇ ਸਿੱਖੀ ਕੁੰਦਨ ਬਣ ਕੇ ਲਿਸ਼ਕਦੀ ਰਹੀ। ਇਸ ਵੀਹਵੀਂ ਸਦੀ ਵਿਚ ਹੀ ਗੋਰਾ-ਸ਼ਾਹੀ ਨੇ ਗੁਰੂ ਕੇ ਬਾਗ ਤੇ ਜੈਤੋ ਆਦਿ ਦੇ ਮੋਰਚਿਆਂ ਵਿਚ ਸਿੱਖਾਂ ਤੇ ਜੋ ਜ਼ੁਲਮ ਢਾਹੇ, ਜੇਲ੍ਹਾਂ ਵਿਚ ਬੰਦ ਕਰ ਕੇ ਜੋ ਜੋ ਸਖਤੀਆਂ ਕੀਤੀਆਂ, ਉਨ੍ਹਾਂ ਨੂੰ ਦੇਸ਼ ਭਰ ਦੇ ਚੋਟੀ ਦੇ ਆਗੂ ਪੰਡਤ ਮਾਲਵੀਆ ਤੇ ਨਹਿਰੂ ਆਦਿਕ ਵੀ ਦੇਖ ਕੇ ਤ੍ਰਾਹ ਤ੍ਰਾਹ ਕਰ ਉਠੇ। ਪਰ ਸਿੱਖ ਦਾ ਸਿਰੜ ਕਾਇਮ ਰਿਹਾ, ਉਹ ਡੋਲਿਆ ਨਹੀਂ।

ਵੇਖਣ ਵਾਲੀ ਗੱਲ ਇਹ ਹੈ ਕਿ ਇਨ੍ਹਾਂ ਸਖਤੀਆਂ ਵੇਲੇ, ਜੇਲ੍ਹਾਂ ਵਿਚ ਜਾ ਕੇ ਸਿੱਖੀ ਜੀਵਨ ਪ੍ਰਫੁਲਤ ਹੁੰਦਾ ਰਿਹਾ। ਜੇਲ੍ਹਾਂ ਵਿਚ ਨਾਮ-ਬਾਣੀ ਦੇ ਪ੍ਰਵਾਹ ਚਲਦੇ ਰਹੇ ਅਤੇ ਸਿੱਖੀ ਜੀਵਨ ਤੋਂ ਕੋਰੇ ਤੇ ਅਨਪੜ੍ਹ ਵਿਅਕਤੀ ਵੀ ਜੇਲ੍ਹਾਂ ਵਿਚ ਜਾ ਕੇ, ਸੰਗੀ ਸਾਥੀ ਵੀਰਾਂ ਦੀ ਮਦਦ ਨਾਲ ਗੁਰਬਾਣੀ ਦੇ ਪਾਠੀ ਤੇ ਨਿਰਮਲ ਜੀਵਨ ਵਾਲੇ ਬਣ ਕੇ ਵਾਪਸ ਪਰਤਦੇ ਰਹੇ। ਇਨ੍ਹਾਂ ਕੰਚਨ ਹੋਏ ਹੌਸਲੇ ਗੁਰਸਿੱਖਾਂ ਦੇ ਉਤਮ ਜੀਵਨ ਦੀ ਛੋਹ ਸਦਕਾ ਹੋਰ



www.AKJ.Org

ਅਨੇਕਾਂ ਪ੍ਰਾਣੀ ਗੁਰਸਿੱਖੀ ਮਾਰਗ ਵਲ ਪ੍ਰੇਰੇ ਜਾਂਦੇ ਰਹੇ।

ਪ੍ਰਸਿਧ ਕਥਨ ਹੈ ਕਿ ਇਤਿਹਾਸ ਆਪਣੇ ਆਪ ਨੂੰ ਦੁਹਰਾਂਦਾ ਰਹਿੰਦਾ ਹੈ। ਅੱਜ ਫਿਰ ਸਿੱਖੀ ਦੀ ਪਰਖ ਹੋ ਰਹੀ ਹੈ। ਪਹਿਲੇ ਹੋ ਬੀਤੇ ਭਿਆਨਕ ਸਮਿਆਂ ਨਾਲੋਂ ਵੀ ਅੱਜ ਦਾ ਸਮਾਂ ਵਧੇਰੇ ਭੀਹਾਵਲਾ ਤੇ ਡਰਾਉਣਾ ਹੈ। ਅਸੀਂ ਬਹੁਤ ਹੀ ਨਾਜ਼ਕ ਤੇ ਤਰਸ ਯੋਗ ਹਾਲਤ ਵਿਚੋਂ ਲੰਘ ਰਹੇ ਹਾਂ। ਅਸੀਂ ਆਪਣੇ ਪੁਰਾਣੇ ਉਚੇ ਸੁਚੇ ਜੀਵਨ ਵਿਚ ਕਾਇਮ ਨਹੀਂ ਰਹੇ, ਸਾਡੇ ਉਹ ਕਿਰਦਾਰ ਨਹੀਂ ਰਹੇ, ਸਾਡੀ ਉਹ ਰਹਿਣੀ ਬਹਿਣੀ ਨਹੀਂ ਰਹੀ, ਨਾਮ-ਸਿਮਰਨ ਦੀ ਕਮਾਈ ਨਹੀਂ ਰਹੀ, ਸਗੋਂ ਸੁੱਖਾਂ-ਆਰਾਮਾਂ ਤੇ ਐਸ਼ੋ-ਇਸ਼ਰਤਾਂ ਵਿਚ ਭੁਲ ਗਏ। ਸਾਡੀ ਇਹ ਦਸ਼ਾ ਵੇਖ ਕੇ ਅਜ ਤੋਂ ੩੪ ਸਾਲ ਪਹਿਲਾਂ ਭਾਈ ਸਾਹਿਬ ਰਣਧੀਰ ਸਿੰਘ ਜੀ ਨੇ ਆਪਣੇ ਟ੍ਰੈਕਟ "ਸਿੰਘਾਂ ਦਾ ਪੰਥ ਨਿਰਾਲਾ" ਵਿਚ ਲਿਖਿਆ ਸੀ :

> ਯਾਦ ਰਖੋ ਕਿ ਓਹੀ ਸਮਾਂ ਸਿਰ ਤੇ ਆਇਆ ਖੜਾ ਹੈ। ਸਿੰਘਾਂ ਦੇ ਨਾਲ ਮਿਲ ਕੇ ਅਸਾਡੀਆਂ ਸਿੰਘਣੀਆਂ, ਭੈਣਾਂ ਨੂੰ ਜੰਗਾਂ ਦੇ ਜੌਹਰ ਦਿਖਾਣੇ ਪੈਣੇ ਹਨ। ਇਹ ਫੜੇ ਫੈਸ਼ਨ ਸਭ ਲੁਕਾਉਣੇ ਪੈਣਗੇ। ਕੁਲ ਫੈਸ਼ਨ-ਪ੍ਰਸਤੀਆਂ ਸਭ ਝੜ ਪੈਣਗੀਆਂ। ਪੁਰਾਤਨ ਖਾਲਸੇ ਨੂੰ ਤਾਂ ਹਿੰਦੂਆਂ ਦੀਆਂ ਬਹੂਆਂ-ਬੇਟੀਆਂ ਨੂੰ ਬਚਾਉਣ ਤੇ ਜਾਬਰਾਂ ਦੇ ਫੰਧਿਆਂ ਤੋਂ ਛੁਡਾਉਣ ਦੇ ਫਿਕਰ ਰਹਿੰਦੇ ਸਨ, ਹੁਣ ਵਕਤ ਪੈਣ ਤੇ ਅਸਾਨੂੰ ਆਪਣੀਆਂ ਹੀ ਨਿਜ-ਯੁਵਤੀਆਂ ਨੂੰ ਸੰਭਾਲਣਾ ਮੁਸ਼ਕਲ ਹੋ ਜਾਊ।"

ਅੱਜ ਇਹ ਸਭ ਕੁਝ ਅੱਖਾਂ ਸਾਹਮਣੇ ਵਰਤਿਆ ਵੇਖ ਲਿਆ ਹੈ। ਅੱਜ ਜੋ ਕੁਝ ਸਿੱਖਾਂ ਨਾਲ ਵਾਪਰੀ ਹੈ, ਉਹ ਜ਼ੁਲਮਾਂ ਦੀ ਅਤਿ ਹੈ। ਪਹਿਲਾਂ ਤਾਂ ਧਰਮ-ਯੁਧ ਮੋਰਚੇ ਵਿਚ ਕੁਝ ਅਣ-ਸੁਖਾਵੀਆਂ ਹੋਈਆਂ ਘਟਨਾਵਾਂ ਦਾ ਬਹਾਨਾ ਬਣਾ ਕੇ ਸ੍ਰੀ ਦਰਬਾਰ ਸਾਹਿਬ ਤੇ ਜੋ ਫੌਜੀ ਕਾਰਵਾਈ ਕੀਤੀ ਗਈ, ਉਸ ਸੰਬੰਧੀ ੨੭ ਸਤੰਬਰ ੧੯੮੪ ਨੂੰ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਦੇ ਪੁਜਣ ਤੇ ਜਥੇਦਾਰ ਸਾਹਿਬ ਨੇ ਅਕਾਲ ਤਖ਼ਤ ਸਾਹਿਬ ਦੇ ਸਾਹਮਣੇ ਦਿੱਤੇ ਆਪਣੇ ਭਾਸ਼ਣ ਵਿਚ ਕਿਹਾ :

> "ਦੁਖਦਾਈ ਗੱਲ ਇਹ ਹੈ ਕਿ ਭਾਰਤੀ ਫ਼ੌਜ ਨੇ ਹਮਲੇ ਸਮੇਂ ਸ੍ਰੀ ਦਰਬਾਰ ਸਾਹਿਬ ਦੇ ਡਿਊਟੀ ਦਿੰਦੇ ਮੁਲਾਜ਼ਮਾਂ, ਸ਼ਾਂਤਮਈ ਧਰਮਯੁਧ ਮੋਰਚੇ ਦੇ ਸਤਿਆਗ੍ਰਹੀਆਂ ਅਤੇ ਯਾਤਰਾ ਕਰਨ ਆਏ ਬੇਗੁਨਾਹ ਤੇ ਮਾਸੂਮ ਲੋਕਾਂ ਤੇ ਵਹਿਸ਼ੀਆਨਾ ਅਤਿਆਚਾਰ ਹੀ ਨਹੀਂ ਕੀਤਾ, ਸਗੋਂ ਸ੍ਰੀ ਦਰਬਾਰ ਸਾਹਿਬ ਕੰਪਲੈਕਸ ਵਿਚ ਸਿੱਖ ਕੌਮ ਦੇ ਜਜ਼ਬੇ ਨੂੰ ਜ਼ਖਮੀ ਕਰਨ ਵਾਲੀਆ ਹਰਕਤਾਂ ਕੀਤੀਆਂ। ਹਮਲੇ ਸਮੇਂ ਨਾ ਕੇਵਲ ਬੇਅੰਤ ਨਿਰਦੋਸ਼ ਬੱਚੇ, ਬੁੱਢੇ, ਬੀਬੀਆਂ ਤੇ ਨੌਜਵਾਨਾਂ ਦਾ ਕਤਲੇਆਮ ਹੀ ਹੋਇਆ, ਸਗੋਂ ਸ੍ਰੀ ਅਕਾਲ ਪੁਰਖ ਦੇ ਤਖਤ ਨੂੰ ਤੋਪਾਂ ਨਾਲ ਨਸ਼ਟ ਕੀਤਾ ਗਿਆ ਤੇ ਸ੍ਰੀ ਹਰਿਮੰਦਰ ਸਾਹਿਬ ਨੂੰ ਸੈਂਕੜੇ ਗੋਲੀਆਂ ਮਾਰੀਆਂ ਗਈਆਂ ਅਤੇ ਸਿੱਖਾਂ ਦੇ ਮਹਾਨ ਵਿਰਸੇ ਅਤੇ ਸਿੱਖ ਇਤਿਹਾਸ ਦੇ ਅਨਮੋਲ ਖਜ਼ਾਨੇ, ਸਿੱਖ ਰੈਫਰੈਂਸ ਲਾਇਬ੍ਰੇਰੀ ਨੂੰ, ਸਮੇਤ ੧੫੦੦ ਗੁਰੂ ਗ੍ਰੰਥ ਸਾਹਿਬ ਦੀਆਂ ਪਾਵਨ ਬੀੜਾਂ ਦੇ ਅਤੇ ਇਤਿਹਾਸਕ ਚਾਨਣੀ ਨੂੰ ਸਾੜ ਕੇ ਸੁਆਹ ਕਰ ਦਿੱਤਾ ਗਿਆ।" ["ਗੁਰਮਤਿ ਪ੍ਰਕਾਸ਼" ਅਕਤੂਬਰ ੮੪

ਪ੍ਰਿੰਸੀਪਲ ਸਤਿਬੀਰ ਸਿੰਘ ਜੀ ਇਸ ਘਟਨਾ ਤੋਂ ਪਿਛੋਂ ਸ੍ਰੀ ਦਰਬਾਰ ਸਾਹਿਬ ਆਏ ਤਾਂ ਲਿਖਦੇ ਹਨ :

> "ਸ੍ਰੀ ਅੰਮ੍ਰਿਤਸਰ ਪੁਜਾ ਤਾਂ ਇੰਜ ਲਗੇ ਜਿਵੇਂ ਅਣਪਛਾਤੀ ਨਗਰੀ ਆ ਗਿਆ ਹਾਂ। ਹਰ ਥਾਂ ਮਿਲਟਰੀ, ਥਾਂ ਥਾਂ ਬੰਦੂਕਾਂ, ਸਟੇਨ ਗੰਨਾਂ, ਰਾਈਫਲਾਂ ਤਣੀਆਂ, ਚੱਪੇ ਚੱਪੇ ਤੇ ਪਹਿਰਾ, ਫੌਜੀਆਂ ਦੀ ਘੂਰਦੀ ਕੈਰੀ ਅੱਖ। ਜ਼ਰਹ ਬਕਤ੍ਰ ਗੱਡੀਆਂ ਦੀ ਆਵਾਜਾਈ।
>
> "ਘੰਟਾ ਘਰ ਪੁਜਿਆ, ਇਨਫਰਮੇਸ਼ਨ ਦਫਤਰ ਸਾਮਾਨ ਰਖਿਆ ਤਾਂ ਸ. ਭਾਨ ਸਿੰਘ ਜੀ ਤੇ ਸ. ਅਬਿਨਾਸ਼ੀ ਸਿੰਘ ਜੀ ਨੂੰ ਉਥੇ ਬੈਠਾ ਦੇਖ ਧਾਹ ਮਿਲਿਆ, ਜ਼ਬਾਨ ਦਾ ਕੰਮ ਅੱਖਾਂ ਨੇ ਕੀਤਾ। ਵਹਿ ਹੀ ਤੁਰੀਆਂ ਅੱਖਾਂ। ਉਨ੍ਹਾਂ ਇਹ ਸਾਕਾ ਅੱਖੀਂ ਡਿੱਠਾ ਸੀ, ਅਸੀਂ ਤਾਂ ਦੂਜੇ ਤੀਜੇ ਥਾਵੇਂ ਸੁਣਿਆ ਸੀ ਤਾਂ ਜੀਅ ਨਹੀਂ ਸੀ ਠਹਿਰਦਾ। ਉਨ੍ਹਾਂ ਤਾਂ ਲਾਸ਼ਾਂ ਦੇ ਢੇਰ ਦੇਖੇ ਸਨ ਗੁਰਪੁਰੀ ਨੂੰ ਮਾਸਪੁਰੀ ਦੇ ਰੂਪ ਵਿਚ ਡਿੱਠਾ ਸੀ।



www.AKJ.Org

"ਜਦ ਜਾ ਪ੍ਰਕਰਮਾ ਦੀ ਇਕ ਸਿਲ ਤੇ ਮੱਥਾ ਟੇਕਿਆ, ਧੂੜ ਮੱਥੇ ਲਗਾਉਣ ਲਗਾ ਤਾਂ ਲਹੂ ਦਾ ਟਿੱਕਾ ਲਗ ਗਿਆ। ਸਭ ਕੁਝ ਧੋ ਦਿੱਤਾ ਸੀ, ਪਰ ਜੋ ਖ਼ੂਨ ਦਰਜਾਂ ਵਿਚ ਵੜ ਗਿਆ ਉਸ ਨੂੰ ਉਹ ਲਖ ਜਤਨ ਕਰ ਕਢ ਨ ਸਕੇ। ...

"ਭਾਈ ਸਾਹਿਬ ਸਿੰਘ ਜੀ ਹੈਡ ਗ੍ਰੰਥੀ ਦਰਬਾਰ ਸਾਹਿਬ ਨੇ ਦੱਸਿਆ ਕਿ ਖ਼ੂਨ ਹੀ ਖ਼ੂਨ ਹੋ ਗਿਆ ਸੀ ਉਥੇ। ਅਕਾਲ ਤਖ਼ਤ ਸਾਹਿਬ ਨੂੰ ਜਦ ਉਡਾਂਦੇ ਸਨ ਤਾਂ ਮਲਬਾ ਵੀ ਇਥੇ ਹੀ ਡਿੱਗਦਾ ਸੀ। ਜਦ ਜੇਠ ਦੀ ਛੇ ਸੁਦੀ ਨੂੰ ਚਾਨਣ ਦਾ ਗੋਲਾ ਸੁਟਿਆ ਸੀ ਤਾਂ ਸੈਂਕੜੇ ਲਾਸ਼ਾਂ ਇਥੇ ਦਿਸੀਆਂ ਸਨ।..... ਭਲਾ ਕੋਈ ਦੱਸੇ ਗਿਆਨੀ ਅਮੀਰ ਸਿੰਘ ਜੀ ਟਕਸਾਲ ਦੇ ਪਾਠ-ਸੰਥਿਆ ਸਿੱਖਦੇ ਸਿੱਖਾਂ ਦਾ ਕੀ ਕਸੂਰ ਸੀ ਕਿ ਆਖਰੀ ਪਾਠੀ ਤਕ ਭੁੰਨ ਸੁਟਿਆ। ਬਾਬਾ ਖੜਕ ਸਿੰਘ ਜੀ ਦੇ ਨਿਸ਼ਕਾਮ ਸੇਵਾਦਾਰਾਂ ਦਾ ਕੀ ਕਸੂਰ ਸੀ ਕਿ ਥਾਂ ਹੀ ਮਾਰ ਦਿੱਤੇ......

"ਭਾਈ ਮੋਹਨ ਸਿੰਘ ਜੀ ਨੇ ਦੱਸਿਆ ਕਿ ਉਹ ਅਤਿ ਗਰਮੀ ਵਿਚ ਬਗੈਰ ਪਾਣੀ-ਪੀਤੇ ਤੇ ਕੁਝ ਖਾਧੇ ਮਹਾਰਾਜ ਦੀ ਤਾਬਿਆ ਦਰਬਾਰ ਸਾਹਿਬ ਰਹੇ ਸਨ। ਹਿੰਦੁਸਤਾਨੀ ਮੀਡੀਆ ਕਹਿੰਦਾ ਨਹੀਂ ਥੱਕਦਾ ਕਿ ਕੋਈ ਗੋਲੀ ਦਰਬਾਰ ਸਾਹਿਬ ਵਲ ਨਹੀਂ ਚਲਾਈ। ਪਰ, ਦਰਬਾਰ ਸਾਹਿਬ ਵਲ ਹੀ ਨਹੀਂ, ਗੁਰੂ ਗ੍ਰੰਥ ਸਾਹਿਬ ਦੇ ਪੀੜ੍ਹੇ, ਜਿਲਦ ਤੇ ਪਤਰਿਆਂ ਨੂੰ ਚੀਰ ਕੇ ਸੁਖਮਨੀ ਸਾਹਿਬ ਦੀ ਬਾਣੀ ਤੇ ਜਾ ਠੰਡੀ ਹੋਈ ਸੀ ਇਕ ਗੋਲੀ... ।"

(ਗੁਰਮਤਿ ਪ੍ਰਕਾਸ਼' ਜਨਵਰੀ ੧੯੮੫)

ਇਸ ਫੌਜੀ ਕਾਰਵਾਈ ਤੋਂ ਕਈ ਮਹੀਨੇ ਪਿਛੋਂ ੩੧ ਅਕਤੂਬਰ ਨੂੰ ਸ੍ਰੀ ਮਤੀ ਇੰਦਰਾ ਗਾਂਧੀ ਦੇ ਕਤਲ ਹੋਣ ਤੇ ਸਮੁੱਚੀ ਸਿੱਖ ਕੌਮ ਤੇ ਜੋ ਕਹਿਰ ਵਰਤਿਆ, ਉਸ ਬਾਰੇ ਗੁਰਮਤਿ ਪ੍ਰਕਾਸ਼ ਦੇ ਸੰਪਾਦਕ ਬਹੁਤ ਹੀ ਦੁਖੀ ਹਿਰਦੇ ਨਾਲ ਲਿਖਦੇ ਹਨ, "ਕਸ਼ਮੀਰ ਤੋਂ ਕੰਨਿਆ ਕੁਮਾਰੀ ਤਕ ਦੇ ਸਭ ਦਰਿਆਵਾਂ, ਨਦੀਆਂ, ਨਾਲਿਆਂ ਵਿਚ ਪੰਜ ਤੋਂ ਦਸ ਦਿਨ ਤਕ ਪਾਣੀ ਦੀ ਥਾਂ ਰੱਤ ਵਗੀ। ਐਸੀ ਸਾੜਸਤੀ ਆਈ ਕਿ ਮਨੁੱਖ ਦੀਆਂ ਨਾੜੀਆਂ ਵਿਚਲੇ ਲਹੂ ਨੇ ਰੰਗ ਵਟਾ ਲਿਆ, ਸਫ਼ੈਦ ਹੋ ਗਿਆ ਤੇ ਠੰਢਾ ਸੀਤ। ਹਿੰਦੁਸਤਾਨ ਦੇ ਅਸਮਾਨ ਉਪਰ ਕੁਝ ਦਿਨ ਇਲਾਂ ਤੇ ਗਿਰਝਾਂ ਨੇ ਜਸ਼ਨ ਮਨਾਏ।"

ਪੀ. ਯੂ. ਸੀ. ਐਲ. ਅਤੇ ਪੀ. ਯੂ. ਡੀ. ਆਰ. ਸੰਸਥਾਵਾਂ ਦੀਆਂ ਰੀਪੋਰਟਾਂ ਤੋਂ ਜ਼ਾਹਰ ਹੈ ਕਿ ੩੧ ਅਕਤੂਬਰ ਤੋਂ ਹੀ ਇੰਦਰਾ ਗਾਂਧੀ ਦੇ ਕਤਲ ਪਿਛੋਂ ਕਤਲੋ-ਗ਼ਾਰਤ ਸ਼ੁਰੂ ਹੋ ਗਿਆ ਅਤੇ ਸਾਰੇ ਭਾਰਤਵਰਸ਼ ਵਿਚ ਗਿਣੀ ਮਿਥੀ ਸਕੀਮ ਅਨੁਸਾਰ ਸਿੱਖਾਂ ਦੇ ਖ਼ੂਨ ਦੀ ਹੋਲੀ ਖੇਡੀ ਗਈ। ਅਜਿਹੀ ਸਕੀਮ ਇਕ ਦੋ ਦਿਨਾਂ ਵਿਚ ਤਿਆਰ ਨਹੀਂ ਹੋ ਸਕਦੀ, ਸਗੋਂ ਕਾਫੀ ਪਹਿਲੋਂ ਦੀ ਸੋਚੀ ਸਮਝੀ ਸਾਜ਼ਸ਼ ਹੈ। ਜ਼ਬਰਦਸਤੀ ਬੰਨ੍ਹ ਬੰਨ੍ਹ ਕੇ ਦਾੜ੍ਹੇ ਤੇ ਕੇਸਾਂ ਨੂੰ ਕਤਲ ਕੀਤਾ ਗਿਆ। ਸਕੂਟਰਾਂ ਤੇ ਕਾਰਾਂ ਨਾਲ ਬੰਨ੍ਹ ਕੇ, ਬ੍ਰਿਛਾਂ ਨਾਲ ਪੁਠੇ ਟੰਗ ਕੇ, ਸਲਾਖਾਂ ਵਿਚ ਪ੍ਰੋ ਕੇ ਕਈ ਤਰ੍ਹਾਂ ਦੇ ਤਸੀਹੇ ਦੇ ਦੇ ਕੇ ਜੀਉਂਦੇ ਸਾੜਿਆ ਗਿਆ। ਬੱਚਿਆਂ ਦੇ ਟੋਟੇ ਮਾਪਿਆਂ ਦੇ ਸਾਹਮਣੇ ਕਰ ਕੇ ਅੱਗ ਵਿਚ ਸਾੜੇ ਗਏ। ਰੇਲ ਗੱਡੀਆਂ ਵਿਚ ਸਫ਼ਰ ਕਰਦੇ ਸਿੱਖਾਂ ਨੂੰ ਬੜੀ ਬੇਰਹਿਮੀ ਨਾਲ ਕਤਲ ਕੀਤਾ ਗਿਆ। ਇਥੋਂ ਤਕ ਕਿ ਫੌਜੀ ਅਫਸਰਾਂ ਨੂੰ ਵੀ ਮਾਫ ਨਹੀਂ ਕੀਤਾ ਗਿਆ ਅਤੇ ਉਨ੍ਹਾਂ ਨੂੰ ਮੌਤ ਦੇ ਘਾਟ ਉਤਾਰ ਕੇ ਲਾਸ਼ਾਂ ਪਲੇਟਫਾਰਮਾਂ ਤੇ ਸੁਟ ਦਿੱਤੀਆਂ ਗਈਆਂ। ਇਸਤ੍ਰੀਆਂ ਨੂੰ ਨਗਨ ਕਰ ਕੇ ਉਨ੍ਹਾਂ ਦੀ ਪਤ-ਆਬਰੋ ਲੁਟੀ ਗਈ। ਕਰੋੜਾਂ ਰੁਪਿਆਂ ਦੀਆਂ ਜਾਇਦਾਦਾਂ ਤੇ ਘਰ ਬਾਰ ਸਾੜ ਫੂਕ ਕੇ ਖ਼ਾਕਸਾਹ ਕਰ ਦਿੱਤਾ ਗਿਆ। ਹਜ਼ਾਰਾਂ ਅਨਾਥ ਯਤੀਮ ਬੱਚੇ ਅਤੇ ਸੈਂਕੜੇ ਵਿਧਵਾਵਾਂ ਬੇ-ਆਸਰਾ ਤੇ ਬੇ-ਠਿਕਾਣਾ ਹੋ ਗਏ। ਯਾਦ ਰਹੇ ਕਿ ਇਨ੍ਹਾਂ ਜਰਵਾਣਿਆਂ ਗੁੰਡਿਆਂ ਨੇ ਕੇਸਾਂ ਦਾੜ੍ਹੇ ਵਾਲੇ ਕਿਸੇ ਵੀ ਸਿੱਖ-ਰੂਪ ਮਨੁੱਖ ਦਾ ਲਿਹਾਜ਼ ਨਹੀਂ ਕੀਤਾ ; ਭਾਵੇਂ ਉਹ ਕਾਂਗਰਸੀ ਸੀ ਤੇ ਭਾਵੇਂ ਨਾਮਧਾਰੀ, ਰਾਧਾਸੁਆਮੀ ਜਾਂ ਨਕਲੀ ਨਿਰੰਕਾਰੀ ਸੀ, ਕਿਸੇ ਨੂੰ ਲੁਟਣ ਤੇ ਮਾਰਨ ਤੋਂ ਬਿਨਾਂ ਛਡਿਆ ਨਹੀਂ।



www.AKJ.Org

ਵਡੀ ਹੈਰਾਨੀ ਵਾਲੀ ਗੱਲ ਇਹ ਹੈ ਕਿ ਇਹ ਸਾੜ-ਫੂਕ, ਲੁਟ-ਮਾਰ ਅਤੇ ਕਤਲੋ ਗ਼ਾਰਤ ਅਮਨ ਦੇ ਰਾਖੇ ਕੁਝ ਮਹਾਂਰਥੀ ਚੌਧਰੀਆਂ, ਪਾਰਲੀਮੈਂਟ ਦੇ ਮੈਂਬਰਾਂ ਤੇ ਕਾਂਗਰਸੀ ਲੀਡਰਾਂ ਦੀ ਅਗਵਾਈ ਵਿਚ ਬਦਮਾਸ਼ਾਂ ਤੇ ਗੁੰਡਿਆਂ ਤੋਂ ਕਰਵਾਈ ਗਈ। ਇਸ ਸਾਰੇ ਸਮੇਂ ਵਿਚ ਪੁਲਿਸ ਤਮਾਸ਼ਾ ਵੇਖਦੀ ਰਹੀ ਅਤੇ ਕਈ ਥਾਈਂ ਤਾਂ ਇਨ੍ਹਾਂ ਕਾਤਲਾਂ ਤੇ ਲੁਟੇਰਿਆਂ ਦਾ ਸਾਥ ਵੀ ਦੇਂਦੀ ਰਹੀ। ਇਤਨੇ ਜ਼ੁਲਮ ਤੇ ਉਪੱਦਰਵ ਹੋਣ ਤੇ ਵੀ ਸਰਕਾਰ ਵਲੋਂ ਕਾਨੂੰਨੀ ਤੌਰ ਤੇ ਅਜੇ ਤਕ ਕੋਈ ਠੋਸ ਕਾਰਵਾਈ ਨਹੀਂ ਕੀਤੀ ਗਈ, ਸਗੋਂ ਵਿੰਗੇ ਟੇਢੇ ਢੰਗ ਨਾਲ ਟਾਲਿਆ ਜਾ ਰਿਹਾ ਹੈ। ਸਰਕਾਰ ਵਲੋਂ ਇਸ ਵਾਰਦਾਤ ਦੀ ਨਿੰਦਿਆ ਤਕ ਨਹੀਂ ਕੀਤੀ ਗਈ। ਸਾੜ-ਫੂਕ ਤੇ ਕਹਿਰ ਕਮਾਉਣ ਵਾਲੇ ਗੁੰਡੇ ਉਸੇ ਤਰ੍ਹਾਂ ਬਰਬਾਦ ਹੋਈਆਂ ਥਾਵਾਂ ਤੇ ਦਹਾੜਦੇ ਤੇ ਦਨਦਨਾਉਂਦੇ ਫਿਰਦੇ ਹਨ। ਉਜੜੇ ਤੇ ਬਰਬਾਦ ਹੋਏ ਸਿੱਖ ਪਰਿਵਾਰਾਂ ਨੂੰ ਕੋਈ ਭਰੋਸਾ ਨਹੀਂ ਕਿ ਅਗੋਂ ਲਈ ਉਹ ਉਨ੍ਹਾਂ ਥਾਵਾਂ ਤੇ ਸੁਰੱਖਿਅਤ ਰਹਿ ਸਕਦੇ ਹਨ। ਅਜਿਹੀ ਬੇਭਰੋਸਗੀ ਦੀ ਹਾਲਤ ਵਿਚ, ਪੰਜਾਬ ਤੋਂ ਬਾਹਰ ਸਿੱਖ ਅਣਖ ਨਾਲ ਜ਼ਿੰਦਗੀ ਨਹੀਂ ਬਿਤਾ ਸਕਦੇ।

ਪੰਜਾਬ ਭਾਵੇਂ ਸਿੱਖਾਂ ਦਾ ਘਰ ਹੈ, ਸਿੱਖਾਂ ਦੀ ਮਾਤ-ਭੂਮੀ ਹੈ, ਪਰ ਇਥੇ ਵੀ ਸਿੱਖਾਂ ਦੀ ਹਾਲਤ ਇਹ ਹੈ ਕਿ ਫੌਜੀ ਕਾਰਵਾਈ ਤੋਂ ਲੈ ਕੇ ਅਜ ਤਕ ਪੁਲਸ, ਸੀ. ਆਰ. ਪੀ., ਬੀ. ਐਸ. ਐਫ. ਅਤੇ ਫੌਜੀ ਸੰਗੀਨਾਂ ਦੇ ਸਾਏ ਹੇਠ ਉਚਾ ਸਾਹ ਤਕ ਨਹੀਂ ਲੈ ਸਕਦੇ। ਸਾਬਤ ਸੂਰਤ ਸਿੱਖਾਂ ਤੇ ਉਨ੍ਹਾਂ ਦੀ ਅੱਖ ਰਹਿੰਦੀ ਹੈ, ਅਤੇ ਜਿਸ ਨੂੰ ਜੀਅ ਕਰੇ, ਉਸ ਤੇ ਕੋਈ ਸ਼ੈ ਪਾ ਕੇ ਸਕਿਉਰਟੀ ਐਕਟ ਅਧੀਨ ਅੰਦਰ ਕਰ ਦਿਤਾ ਜਾਂਦਾ ਹੈ। ਜੇ ਕਿਧਰੇ ਕੋਈ ਦੋ ਸਿੰਘ ਪੀਲੇ ਦਸਤਾਰੇ ਸਜਾ ਕੇ ਜਾ ਰਹੇ ਹਨ ਤਾਂ ਉਨ੍ਹਾਂ ਨੂੰ ਕਾਬੂ ਕਰ ਲਿਆ ਹੈ, ਜੇ ਕੋਈ ਸਿੰਘ ਖੁਲ੍ਹੇ ਦਾੜ੍ਹੇ ਨਾਲ ਨੌਂ ਦਸ ਇੰਚ ਫਲ ਦੀ ਕਿਰਪਾਨ ਪਾ ਕੇ ਲੰਘ ਰਿਹਾ ਹੁੰਦਾ ਹੈ ਤਾਂ ਉਸ ਨੂੰ ਘੇਰ ਲਿਆ ਜਾਂਦਾ ਹੈ ਕਿ 'ਯਿਹ ਕਿਰਪਾਨ ਬੜੀ ਹੈ, ਇਤਨੀ ਬੜੀ ਕਿਉਂ ਪਹਿਨੀ ਹੁਈ ਹੈ?' ਸਿੱਖ ਕੁਸਕਿਆ ਨਹੀਂ ਤੇ ਉਨ੍ਹਾਂ ਗ੍ਰਿਫ਼ਤ ਵਿਚ ਲਿਆ ਨਹੀਂ। ਇਹ ਹੈ ਪੰਜਾਬ ਵਿਚ ਰਹਿ ਰਹੇ ਸਿੱਖਾਂ ਦਾ ਜੀਣਾ।

ਹੁਣ ਸੋਚਣ ਵਾਲੀ ਗੱਲ ਇਹ ਹੈ ਕਿ ਅਸਾਂ ਸਿੱਖੀ ਅਣਖ ਤੇ ਪੱਤ ਆਬਰੂ, ਘਰ-ਬਾਰ, ਗੁਰ-ਅਸਥਾਨ ਤੇ ਸਭ ਕੁਝ ਹੀ ਬਰਬਾਦ ਕਰ ਲਿਆ ਹੈ। ਆਪਣੇ ਪਰਿਵਾਰ ਤੇ ਆਪਣੇ ਬੱਚੇ ਅੱਖਾਂ ਦੇ ਸਾਹਮਣੇ ਕੁਹ ਕੁਹ ਕੇ ਮਾਰੀਦੇ ਵੇਖੇ ਹਨ, ਆਪਣੀਆਂ ਬਹੂ-ਬੇਟੀਆਂ ਦੀ ਪੱਤ ਅਬਰੋ ਨੂੰ ਵੀ ਨਹੀਂ ਬਚਾਅ ਸਕੇ। ਸਾਰੇ ਭਾਰਤ ਵਿਚ ਸਾਡੀ ਉਹ ਦੁਰਦਸ਼ਾ ਹੋਈ ਹੈ ਕਿ ਸਿਰ ਉਚਾ ਕਰਨ ਜੋਗੇ ਨਹੀਂ ਰਹੇ। ਆਪਣੇ ਪੰਜਾਬ ਵਿਚ ਵੀ ਸਾਡੀ ਬੁਰੀ ਹਾਲਤ ਕੀਤੀ ਜਾ ਰਹੀ ਹੈ। ਕੀ ਸਾਨੂੰ ਐਸੀ ਤਰਸਯੋਗ ਦਸ਼ਾ ਵਿਚ ਵੀ ਕੋਈ ਚੋਭ ਚੁਭੀ ਹੈ? ਕੀ ਸਮੁੱਚੀ ਕੌਮ ਨੂੰ ਤਬਾਹ ਹੋਇਆਂ ਵੇਖ ਕੇ, ਦੁਖਾਂ ਵਿਚ ਪੀਸੇ ਜਾਂਦੇ ਵੇਖ ਕੇ ਵੀ ਸਾਡੇ ਹੋਸ਼ ਟਿਕਾਣੇ ਆਏ ਹਨ?

ਸਾਡਾ ਇਤਿਹਾਸ ਗਵਾਹ ਹੈ ਕਿ "ਜਦ ਜਦ ਵੀ ਧਰਮ ਤੇ ਕੌਮ ਦੀ ਆਣ ਦਾ ਸਮਾਂ ਆਵੇਗਾ, ਜੋ ਵੀ ਗੁਰੂ ਕਾ ਸਿੱਖ ਹੋਵੇਗਾ, ਉਹ ਆਪਣੇ ਵੈਰ ਵਿਰੋਧ ਮਿਟਾ ਕੇ ਤੇ ਮਾਫੀ ਮੰਗ ਕੇ ਪੰਥ ਦੇ ਨਾਲ ਰਲ ਜਾਵੇਗਾ ਅਤੇ ਹਰ ਤਰ੍ਹਾਂ ਦੀ ਕੁਰਬਾਨੀ ਕਰ ਦੇਵੇਗਾ। ਕੌਮੀ ਆਣ ਸਮੇਂ ਮਿਲਵਰਤਨੀਏ ਤੇ ਨਾ-ਮਿਲਵਰਤਨੀਏ ਇਕ ਹੋ ਜਾਣਗੇ, ਅਤੇ ਕੋਈ ਸਿੱਖ ਪਿਛੇ ਨਹੀਂ ਰਹੇਗਾ।" (ਸ. ਕਰਮ ਸਿੰਘ ਹਿਸਟੋਰੀਅਨ, 'ਅਮਰ ਖਾਲਸਾ' ਚੋਂ)

ਸਾਨੂੰ ਆਪਣਾ ਇਤਿਹਾਸ ਸੇਧ ਦੇ ਰਿਹਾ ਹੈ ਕਿ ਹਰ ਮੁਸ਼ਕਲ ਸਮੇਂ, ਭੀੜਾ ਬਣਨ ਤੇ ਰੁਸੇ ਵੀਰ ਆਪਣੇ ਗੁੱਸੇ ਗਿਲੇ ਤੇ ਵੈਰ-ਵਿਰੋਧ ਛਡ ਦਿੰਦੇ ਸਨ, ਸਗੋਂ ਇਕ ਦੂਜੇ ਤੋਂ ਮਾਫੀਆਂ ਮੰਗ ਕੇ ਬਗਲ-ਗੀਰ ਹੋ ਜਾਂਦੇ ਸਨ। ਭਾਵੇਂ ਉਹ ਸਿੱਖ ਮਿਲ-ਵਰਤਨੀਏ (ਸਰਕਾਰ ਨਾਲ ਮਿਲ ਕੇ ਚਲਣ ਵਾਲੇ) ਹੁੰਦੇ ਸਨ ਅਤੇ ਭਾਵੇਂ ਨਾ-ਮਿਲਵਰਤਨੀਏ ਹੁੰਦੇ ਸਨ। ਨਾ-ਮਿਲਵਰਤਨੀਏ ਰਾਠ ਸਿੰਘ, ਅਮੀਰ ਖਾਲਸਾ ਜਾਂ ਤੇਗ ਖਾਲਸਾ ਕਰਕੇ ਸਦਵਾਉਂਦੇ ਸਨ।

ਅੱਜ ਸਾਡੇ ਤੇ ਮੁਸੀਬਤਾਂ ਦੇ ਪਹਾੜ ਡਿਗ ਪਏ ਹਨ, ਸਮੁੱਚੇ ਤੌਰ ਤੇ ਸਿੱਖ ਕੌਮ ਨੂੰ ਕੁਚਲਣ ਦੇ ਮਨਸੂਬੇ ਅਮਲ ਵਿਚ ਲਿਆਂਦੇ ਜਾ ਰਹੇ ਹਨ। ਇਸ ਮੁਸੀਬਤ ਵੇਲੇ ਮਿਲਵਰਤਨੀਏ ਤੇ ਨਾ-ਮਿਲਵਰਤਨੀਏ ਸਭ ਤਰ੍ਹਾਂ ਦੇ ਸਿੱਖਾਂ ਨੂੰ ਆਪਣੇ ਮਤ-ਭੇਦ ਤੇ ਵੈਰ-ਵਿਰੋਧ ਗੁਆ ਕੇ ਇਕ-ਮੁੱਠ ਹੋ ਜਾਣਾ ਹੀ ਬਣਦਾ ਹੈ। ਆਪਣੀ ਹੰਗਤਾ,



www.AKJ.Org

ਆਪਣੇ ਨਿਜੀ ਮੁਫ਼ਾਦ, ਆਪਣੀਆਂ ਲੀਡਰੀਆਂ, ਆਪਣੇ ਵਖੋ ਵਖਰੇ ਗਰੁਪ ਆਦਿ ਸਭ ਕੁਝ ਹੀ ਪਾਸੇ ਕਰ ਦੇਣੇ ਚਾਹੀਦੇ ਹਨ ਅਤੇ ਭਾਈ ਗੁਰਦਾਸ ਜੀ ਦੇ ਫੁਰਮਾਨ ਅਨੁਸਾਰ :

ਗੁਰਸਿਖ ਮਾਂ ਪਿਉ ਵੀਰ ਕੁਟੰਬ ਸਬਾਇਆ ॥੭॥੨੦॥

ਦੇ ਪੂਰਨੇ ਪਾਂਦੇ ਹੋਏ ਸਾਰੇ ਇਕ ਪਰਿਵਾਰ ਵਾਂਗ ਆਪੋ ਵਿਚ ਰਲ-ਮਿਲ ਜਾਈਏ ਅਤੇ ਗੁਰੂ ਦੀ ਦੱਸੀ ਕਾਰ ਕਮਾ ਕੇ ਮੁੜ ਚੜ੍ਹਦੀ ਕਲਾ ਵਿਚ ਆਈਏ ।

**ਆਪਣੀ ਏਡੀ ਭਿਆਨਕ ਤਬਾਹੀ ਕਰਵਾ ਕੇ ਵੀ ਜੇ ਅਸੀਂ ਵੱਖੋ ਵੱਖਰੇ ਟੋਲਿਆਂ ਵਿਚ ਵੰਡੇ ਰਹੇ, ਵਖ ਵਖ ਦਲਾਂ ਦੀਆਂ ਚੌਧਰਾਂ ਨੂੰ ਚੰਬੜੇ ਰਹੇ, ਅੰਮ੍ਰਿਤਸਰ ਦੀ ਇਕ ਨੁਕਰੋਂ ਕੁਝ ਬਿਆਨ ਦਿੱਤੇ ਜਾ ਰਹੇ ਹੋਣ ਅਤੇ ਦੂਜੀ ਨਕਰ ਵਾਲੇ ਆਪਣੇ ਹੀ ਫੈਸਲੇ ਠੋਸਦੇ ਫਿਰਨ, ਦਿਲੀ ਵਿਚੋਂ ਇਕ ਗਰੁਪ ਕੁਝ ਭਾਸ਼ ਰਿਹਾ ਹੋਵੇ ਅਤੇ ਦੂਜਾ ਕੁਝ ਹੋਰ ਹੀ ਉਚਾਰਨ ਕਰ ਰਿਹਾ ਹੋਵੇ, ਇਸੇ ਤਰ੍ਹਾਂ ਹਰਿਆਣਾ-ਦਲੀਏ ਆਪਣੀ ਵਖਰੀ ਹੀ ਖਿਚੜੀ ਪਕਾਈ ਜਾ ਰਹੇ ਹੋਣ ਤਾਂ ਫਿਰ ਅਸੀਂ ਬਦਕਿਸਮਤ ਹੀ ਸਮਝੇ ਜਾ ਸਕਦੇ ਹਾਂ ਅਤੇ ਕੁਦਰਤ ਨੂੰ ਮਜਬੂਰ ਕਰ ਰਹੇ ਹਾਂ ਕਿ ਸਾਨੂੰ ਇਕੱਠਿਆਂ ਕਰਨ ਲਈ ਹੋਰ ਸਬਕ ਸਿਖਾਏ । ਜੇ ਹੁਣ ਵੀ ਅਸੀਂ ਇਕੱਠੇ ਨਹੀਂ ਹੁੰਦੇ ਤਾਂ ਸਾਨੂੰ ਪਹਿਲੇ ਨਾਲੋਂ ਵੀ ਵਧ ਭਿਆਨਕ ਮਾਰ ਖਾਣ ਲਈ ਤਿਆਰ ਰਹਿਣਾ ਚਾਹੀਦਾ ਹੈ ।**

ਸੁਚੇਤ ਹੋਈਏ, ਸੰਭਲੀਏ, ਹੋਸ਼ ਕਰੀਏ ਅਤੇ ਅੱਖਾਂ ਖੋਲ੍ਹ ਕੇ ਅਗੇ-ਪਿਛੇ ਨੂੰ ਦੀਰਘ ਦਰਿਸ਼ਟੀ ਨਾਲ ਵਿਚਾਰੀਏ । 'ਖੁਆਰੀ' ਤਾਂ ਬਹੁਤ ਭੋਗ ਲਈ ਹੈ, ਹੁਣ "ਸਭ ਮਿਲੈਂਗੋ' ਵਲ ਮੁਹਾਰਾਂ ਮੋੜੀਏ ।

ਐਸ ਵੇਲੇ ਅਨਿਕ ਪ੍ਰਕਾਰੀ ਮਾਇਆ ਅਥਵਾ ਹੰਗਤਾ ਸਾਨੂੰ ਐਸਾ ਲਪੇਟੀ ਬੈਠੀ ਹੈ ਕਿ ਸਾਰੀ ਕੌਮ ਪੀਸੇ ਜਾਣ ਤੇ ਵੀ ਅਸੀਂ ਆਪਣੀਆਂ ਚੌਧਰਾਂ ਤੇ ਪਾਰਟੀਆਂ ਨੂੰ ਚੰਬੜੇ ਹੋਏ ਹਾਂ । ਸਾਡੀਆਂ ਖੁਦਗਰਜ਼ੀਆਂ ਤੇ ਕੁਰਸੀਆਂ ਦੀ ਭੁੱਖ ਸਾਨੂੰ ਕੁਝ ਕਰਨ ਹੀ ਨਹੀਂ ਦਿੰਦੀ ।

ਇਹ ਸਭ ਕੁਝ ਤਾਂ ਹੀ ਹੋ ਸਕਦਾ ਹੈ ਜੇ ਅਸੀਂ ਗੁਰੂ ਕੇ ਸਚਿਆਰ ਸਿੱਖ ਬਣਾਂਗੇ ਅਤੇ ਗੁਰੂ ਕੇ ਹੁਕਮਾਂ ਦੇ ਅਨੁਸਾਰ ਹੋ ਕੇ ਚਲਾਂਗੇ,। ਸਤਿਗੁਰੂ ਫੁਰਮਾਂਦੇ ਹਨ :

ਸੋ ਸਿਖੁ ਸਖਾ ਬੰਧਪੁ ਹੈ ਭਾਈ ਜਿ ਗੁਰ ਕੇ ਭਾਣੇ ਵਿਚਿ ਆਵੈ ॥
ਆਪਣੈ ਭਾਣੈ ਜੋ ਚਲੈ ਭਾਈ ਵਿਛੁੜਿ ਚੋਟਾ ਖਾਵੈ ॥ (੬੦੧-੦੨)

ਗੁਰੂ ਦੇ ਭਾਣੇ (ਹੁਕਮ) ਵਿਚ ਆਉਣ ਲਈ, ਗੁਰੂ ਕੀ ਦੱਸੀ ਕਾਰ ਕਮਾਉਣ ਦੀ ਲੋੜ ਹੈ । ਭਾਈ ਗੁਰਦਾਸ ਜੀ ਗੁਰੂ ਦੀ ਦੱਸੀ ਕਾਰ ਦਾ ਇਕ ਪਹਿਲੂ ਇਹ ਵੀ ਦਸਦੇ ਹਨ ਕਿ :—

ਘਾਲਿ ਖਾਇ ਸੁਕ੍ਰਿਤ ਕਰੇ, **ਵਡਾ ਹੋਇ ਨ ਆਪੁ ਗਣਾਏ** ॥ ੧੫॥੨੮॥

ਅਤੇ ਹਉ ਤਿਸੁ ਵਿਟਹੁ ਵਾਰਿਆ ਹੋਂਦੇ ਤਾਣ ਜੁ ਹੋਇ ਨਿਤਾਣਾ ॥
ਹਉ ਤਿਸੁ ਵਿਟਹੁ ਵਾਰਿਆ ਹੋਂਦੇ ਮਾਣ ਜੁ ਰਹੈ ਨਿਮਾਣਾ ॥ ੧੨॥੩।

ਸੋ ਲੋੜ ਤਾਂ ਇਸੇ ਗੱਲ ਦੀ ਹੈ ਕਿ "ਵਡਾ ਹੋਇ ਨ ਆਪੁ ਗਣਾਏ ।" ਨਾ ਆਪਣੇ ਆਪ ਨੂੰ ਵਡਾ ਬਣਾਉਣਾ ਹੈ ਅਤੇ ਨਾ ਹੀ ਆਪਣਾ ਬਲ ਤਾਣ ਜਤਾਉਣਾ ਹੈ ਕਿ ਮੈਂ ਇਤਨੀ ਤਾਕਤ ਦਾ ਮਾਲਕ ਹਾਂ । ਸਗੋਂ ਇਸ ਤੋਂ ਉਲਟ ਤਾਣ ਹੁੰਦੇ ਹੋਇ ਨਿਤਾਣੇ ਬਣਨਾ ਹੈ ਅਤੇ ਮਾਣ ਹੁੰਦੇ ਹੋਏ ਨਿਮਾਣਾ ਬਣ ਕੇ ਵਿਖਾਣਾ ਹੈ । ਇਉਂ ਹੋਣ ਨਾਲ ਹੀ ਇਹ ਧੜੇ ਤੇ ਧੜਿਆਂ ਦੀਆਂ ਲੜਾਈਆਂ ਖਤਮ ਹੋ ਸਕਦੀਆਂ ਹਨ ।

ਗੁਰੂ ਕੀ ਮੱਤ (ਗੁਰਸਿੱਖੀ) ਗ੍ਰਹਿਣ ਕਰਨ ਨਾਲ ਹੀ ਮਨ ਵਿਚ ਨਿਮ੍ਰਤਾ ਵੱਸਦੀ ਹੈ । ਜਿਹਾ ਕਿ ਫੁਰਮਾਨ ਹੈ :— "ਗੁਰਮਤਿ ਰਿਦੈ ਗਰੀਬੀ ਆਵੈ ॥"

ਮਨ ਦੀ ਇਹ ਹੰਗਤਾ-ਰਹਿਤ ਦਸ਼ਾ ਤਾਂ ਹੀ ਬਣ ਸਕਦੀ ਹੈ ਜੇ ਅਸੀਂ ਗੁਰੂ ਕੀ ਸਿਖੀ ਭੈ-ਭਾਵਨੀ ਵਿਚ ਕਮਾਵਾਂਗੇ । ਗੁਰੂ ਕੇ ਸਚਿਆਰ ਸਿੱਖ ਬਣਨ ਲਈ ਅੰਮ੍ਰਿਤ ਵੇਲੇ ਦੀ ਸੰਭਾਲ, ਗੁਰ-ਦਰਬਾਰ ਦੀ ਹਾਜ਼ਰੀ ਅਤੇ ਨਾਮ-ਬਾਣੀ



www.AKJ.Org

ਦੇ ਅਭਿਆਸੀ ਹੋਣ ਦੇ ਨਾਲ ਨਾਲ ਸਚੀ ਸੁਚੀ ਕਿਰਤ ਕਰ ਕੇ ਗੁਰਸਿੱਖਾਂ ਨਾਲ ਵੰਡ ਕੇ ਛਕਾਂਗੇ, ਗੁਰੂ-ਦਰ ਦੀ ਸੇਵਾ ਹਥੀਂ ਕਰ ਕੇ ਗੁਰੂ ਪਾਤਸ਼ਾਹ ਦੀਆਂ ਖੁਸ਼ੀਆਂ ਪ੍ਰਾਪਤ ਕਰਾਂਗੇ। ਫਿਰ ਤਾਂ ਜਾ ਕੇ ਕਿਤੇ ਇਹ ਅਵਸਥਾ ਬਣੇਗੀ : ਨੀਚਹੁ ਨੀਚੁ, ਨੀਚੁ ਅਤਿ ਨਾਨਾ, ਹੋਇ ਗਰੀਬੁ ਬੁਲਾਵਹੁ। (ਪੰਨਾ ੫੨੯)

ਜਦੋਂ ਸਾਡੇ ਵਿਚ ਇਤਨੀ ਗਰੀਬੀ, ਨਿਮਰਤਾ ਆ ਜਾਏਗੀ, ਅਤੇ ਹੰਗਤਾ ਦਾ ਨਾਸ ਹੋ ਜਾਏਗਾ ਤਾਂ ਸਾਰੇ ਧੜੇ ਖਤਮ ਹੋ ਕੇ ਇਕੋ ਇਕ ਗੁਰੂ ਵਾਲਾ ਧੜਾ ਰਹਿ ਜਾਏਗਾ। ਫਿਰ ਖਾਲਸੇ ਦੀ ਸਹੀ ਅਰਥਾਂ ਵਿਚ ਚੜ੍ਹਦੀ ਕਲਾ ਹੋਵੇਗੀ, ਗੁਰੂ ਕੀ ਜੈ ਜੈਕਾਰ ਹੋਵੇਗੀ ਅਤੇ ਹਰ ਪਾਸੇ ਖਾਲਸਈ ਨਿਸ਼ਾਨ ਝੂਲਤੇ ਦਿਖਲਾਈ ਦੇਣਗੇ।

---

# ਇਕ ਨਵੀਂ ਬਹਿਸ

ਕੇਂਦਰ ਸਰਕਾਰ ਦੇ ਕਿਸੇ ਨਾ ਕਿਸੇ ਲੀਡਰ ਵਲੋਂ ਰੋਜ਼ ਇਕ ਨਵਾਂ ਬਿਆਨ ਪੰਜਾਬ ਦੇ ਮਸਲੇ ਦੇ ਹੱਲ ਬਾਰੇ ਅਖ਼ਬਾਰਾਂ ਵਿਚ ਆ ਜਾਂਦਾ ਹੈ। ਕੁਝ ਦਿਨ ਪਹਿਲਾਂ ਸ੍ਰੀ ਰਾਜੀਵ ਗਾਂਧੀ ਨੇ ਕਿਹਾ ਸੀ ਕਿ ਉਹ ਪੰਜਾਬ ਬਾਰੇ ਕੋਈ ਖੁਸ਼ਖਬਰੀ ਜਲਦੀ ਦੇਣਗੇ। ਕਦੀ ਇਹ ਕਿਹਾ ਜਾਂਦਾ ਹੈ ਕਿ ਪੰਜਾਬ ਮਸਲੇ ਦੇ ਹੱਲ ਬਾਰੇ ਉਚ-ਪਧਰੀਆਂ ਵਿਚਾਰਾਂ ਹੋ ਰਹੀਆਂ ਹਨ। ਸਭ ਤੋਂ ਪਹਿਲਾਂ ਨਵੀਂ ਬਣੀ ਸਰਕਾਰ ਨੇ ਪੰਜਾਬ ਦੀ ਸਮਸਿਆ ਬਾਰੇ ਤਿੰਨ ਮੈਂਬਰੀ ਕਮੇਟੀ ਦੇ ਗਠਨ ਦਾ ਐਲਾਨ ਕੀਤਾ ਸੀ। ਦੂਜੇ ਪਾਸੇ ਪੰਜਾਬ ਦੀ ਸਮਸਿਆ ਦੇ ਹਲ ਬਾਰੇ ਪ੍ਰੈਕਟੀਕਲ ਰੂਪ ਵਿਚ ਜੋ ਹੋ ਰਿਹਾ ਹੈ ਉਹ ਜ਼ੀਰੋ ਹੀ ਨਹੀਂ, ਸਗੋਂ ਪੰਜਾਬ ਦੀ ਸਮਸਿਆ ਨੂੰ ਉਲਝਾਉਣ ਲਈ ਸਰਕਾਰ ਹਰ ਰੋਜ਼ ਨਵਾਂ ਕਦਮ ਉਠਾਉਂਦੀ ਹੈ। ਉਦਾਹਰਣ ਵਜੋਂ ਪੰਜਾਬ ਦੀ ਸਮਸਿਆ ਜੋ ਪਹਿਲਾਂ ਹੀ ਸ੍ਰੀ ਦਰਬਾਰ ਸਾਹਿਬ ਤੇ ਫ਼ੌਜੀ ਹਮਲੇ ਨਾਲ ਉਲਝ ਗਈ ਸੀ ਉਸ ਤੋਂ ਬਾਅਦ ਦਿੱਲੀ ਵਿਚ ਹਜ਼ਾਰਾਂ ਸਿੱਖਾਂ ਬੱਚਿਆਂ, ਬੁਢਿਆਂ ਤੇ ਔਰਤਾਂ ਦਾ ਕਤਲੇਆਮ ਹੈ। ਜਿਸ ਬਾਰੇ ਨਾਗਰਿਕ ਕਮਿਸ਼ਨ ਦੀ ਰਿਪੋਰਟ ਤੇ ਤਾਰਕੁੰਡੇ ਕਮਿਸ਼ਨ ਦੀ ਰਿਪੋਰਟ ਛਪ ਚੁਕੀ ਹੈ। ਜਿਸ ਵਿਚ ਕਿਹਾ ਗਿਆ ਹੈ ਕਿ ਇਹ ਫਿਰਕੂ ਦੰਗੇ ਤੇ ਕਤਲੇਆਮ ਸਰਕਾਰ ਨੇ ਆਪ ਕਰਵਾਇਆ ਤੇ ਇਨ੍ਹਾਂ ਦੰਗਿਆਂ ਨੇ ੧੯੪੭ ਦੀ ਦੇਸ਼ ਵੰਡ ਤੋਂ ਵਧ ਭਿਆਨਕਤਾ ਦੇ ਦ੍ਰਿਸ਼ ਨੂੰ ਪੇਸ਼ ਕੀਤਾ। ਉਸ ਤੋਂ ਬਾਅਦ ਸ੍ਰੀ ਭਜਨ ਲਾਲ ਨੇ ਕੇਂਦਰ ਦੇ ਇਸ਼ਾਰੇ ਤੇ 'ਮਹਾਂ ਪੰਜਾਬ' ਨਾਂ ਦਾ ਨਵਾਂ ਸ਼ੋਸ਼ਾ ਛਡਿਆ। ਜਿਸ ਦਾ ਕਿ ਸਿੱਖਾਂ ਤੇ ਹੋਰ ਵਿਰੋਧੀ ਪਾਰਟੀਆਂ ਵਲੋਂ ਤਿੱਖਾ ਪ੍ਰਤੀਕਰਮ ਹੋਇਆ ਹੈ। ਫਿਰ ਕੇਂਦਰੀ ਪਾਰਲੀਮੈਂਟ ਨੇ ਭੋਪਾਲ ਵਿਚ ਗੈਸ ਨਾਲ ਮਰਨ ਵਾਲੇ ਲੋਕਾਂ ਦੇ ਪ੍ਰਤੀ ਸ਼ੋਕ ਮਤਾ ਪਾਸ ਕੀਤਾ ਜਦ ਕਿ ਸਿੱਖਾਂ ਦੇ ਤੀਜੇ ਘਲੂਘਾਰੇ ਬਾਰੇ ਇਕ ਸ਼ਬਦ ਵੀ ਨਾ ਕਿਹਾ ਗਿਆ, ਕਿਉਂਕਿ ਇਹ ਦੰਗੇ ਹੁਕਮਰਾਨ ਪਾਰਟੀ ਨੇ ਆਪ ਕਰਵਾਏ ਸਨ। ਕਹਾਣੀ ਇਥੇ ਹੀ ਨਹੀਂ ਮੁੱਕਦੀ—ਸਿੱਖਾਂ ਦਾ ਕਤਲੇਆਮ ਅੱਜ ਵੀ ਜਾਰੀ ਹੈ। ਸਰਕਾਰ ਸਿੱਖ ਨੌਜਵਾਨਾਂ ਨੂੰ ਝੂਠੇ ਪੁਲਿਸ ਮੁਕਾਬਲਿਆਂ ਵਿਚ ਮਰਵਾ ਰਹੀ ਹੈ ਤੇ ਹਜ਼ਾਰਾਂ ਸਿਖ ਨੌਜਵਾਨ ਜੇਲ੍ਹਾਂ ਵਿਚ ਸੜ ਰਹੇ ਹਨ। ਉਨ੍ਹਾਂ ਤੇ ਗੁਪਤ ਅਦਾਲਤਾਂ ਵਿਚ ਪੰਜਾਬ ਤੋਂ ਬਾਹਰ ਮੁਕਦਮੇ ਚਲ ਰਹੇ ਹਨ। ਕੇਂਦਰ ਸਰਕਾਰ ਪੰਜਾਬ ਮਸਲੇ ਨੂੰ ਹੱਲ ਕਰਨ ਲਈ ਕਿਥੋਂ ਤਕ ਸੰਜੀਦਾ ਹੈ ਇਸ ਗੱਲ ਦਾ ਪਤਾ ਹੁਣ ਨਵੀਂ ਘਟਨਾ ਤੋਂ ਲਗਦਾ ਹੈ। ਸਰਕਾਰ ਨੇ ਸ੍ਰੀ ਦਰਬਾਰ ਸਾਹਿਬ ਤੇ ਸ਼ਰੋਮਣੀ ਕਮੇਟੀ ਦੇ ਦਫਤਰਾਂ ਵਿਚਕਾਰ ਸੜਕ ਲਈ ਨਵੀਂ ਬਹਿਸ ਛੇੜ ਦਿਤੀ ਹੈ। ਹਾਲਾਂਕਿ ਇਹ ਸੜਕ ਸ੍ਰੀ ਦਰਬਾਰ ਸਾਹਿਬ ਦਾ ਹਿੱਸਾ ਹੈ ਤੇ ਕਈ ਸਾਲਾਂ ਤੋਂ ਚਲਿਆ ਆ ਰਿਹਾ ਹੈ। ਸ਼ਰੋਮਣੀ ਕਮੇਟੀ ਨੇ ਇਸ ਗੱਲ ਦਾ ਸਖ਼ਤ ਨੋਟਿਸ ਲਿਆ ਹੈ ਤੇ ਕਿਹਾ ਹੈ ਕਿ ਸ਼ਰੋਮਣੀ ਕਮੇਟੀ ਇਸ ਸੜਕ ਨੂੰ ਆਮ ਰਸਤਾ ਨਹੀਂ ਬਨਣ ਦੇਵੇਗੀ। ਇਨ੍ਹਾਂ ਗੱਲਾਂ ਤੋਂ ਪ੍ਰਤੀਤ ਹੁੰਦਾ ਹੈ ਕਿ ਸਰਕਾਰ ਆਪਣੀ ਸਿਖ-ਵਿਰੋਧੀ ਨੀਤੀ ਤੇ ਦ੍ਰਿੜ੍ਹ ਹੈ ਤੇ ਪੰਜਾਬ ਦਾ ਮਸਲਾ ਲਟਕਾ ਕੇ ਚੋਣਾਂ ਵਿਚ ਲਾਭ ਪ੍ਰਾਪਤ ਕਰਨ ਦਾ ਯਤਨ ਕਰ ਰਹੀ ਹੈ, ਜਿਵੇਂ ਕਿ ਅੱਗੇ ਲੋਕ ਸਭਾ ਦੀਆਂ ਚੋਣਾਂ ਵਿਚ ਸਰਕਾਰ ਨੇ ਕੀਤਾ ਹੈ।

ਐਡੀਟਰ—ਖਾਲਸਾ ਸਮਾਚਾਰ ੭-੩-੮੫



www.AKJ.Org

# ਇਕ ਡਾਕਟਰ ਦੀ ਹੱਡ-ਬੀਤੀ

ਸਫ਼ਦਰਜੰਗ ਹਸਪਤਾਲ ਨਵੀਂ ਦਿੱਲੀ ਵਿੱਚ ਟ੍ਰੇਨਿੰਗ ਪ੍ਰਾਪਤ ਕਰ ਰਿਹਾ ਨੌਜੁਆਨ ਡਾਕਟਰ ਤੇ ਸਿਖ ਰੀਵੀਊ ਦੇ ਸੰਪਾਦਕ ਕੈਪਟਨ ਭਾਗ ਸਿੰਘ ਦਾ ਪੋਤਰਾ, ਸ: ਮਨਦੀਪ ਸਿੰਘ ਖੁਸ਼ਕਿਸਮਤ ਵਿਅਕਤੀ ਹੈ, ਜੋ ਮੌਤ ਦੇ ਮੂੰਹੋਂ ਬੱਚ ਨਿਕਲਿਆ ਹੈ। ਉਸਨੇ ਆਪਣੇ ਦਾਦਾ ਜੀ ਨੂੰ ਇਸ ਅਗਨੀ-ਪ੍ਰੀਖਿਆ ਦੀ ਵਿਥਿਆ ਇਸ ਪੱਤਰ ਵਿੱਚ ਲਿਖੀ ਹੈ।

ਪਿਆਰੇ ਪਾਪਾ ਜੀ,

ਸਤਿ ਸ੍ਰੀ ਅਕਾਲ !

ਇਹ ਪੱਤਰ ਲਿਖਣ ਲੱਗਿਆਂ ਮੈਨੂੰ ਕਈ ਤਰ੍ਹਾਂ ਦੇ ਅਨੁਭਵਾਂ ਦਾ ਅਹਿਸਾਸ ਹੋ ਰਿਹਾ ਹੈ। ਇਕ ਪਾਸੇ ਤਾਂ ਮੈਨੂੰ ਬੇਗੁਨਾਹ ਸਿਖਾਂ ਦੇ ਬੜੇ ਭਿਆਨਕ ਕਤਲੇ-ਆਮ ਤੇ ਬੇ-ਹੱਦ ਗੁੱਸਾ ਹੈ ਤੇ ਦੂਸਰੇ ਪਾਸੇ ਇਸ ਗੱਲ ਤੇ ਤਸੱਲੀ ਵੀ ਹੈ ਕਿ ਇਹ ਪਾਗ਼ਲਾਨਾ ਖ਼ਰਮਸਤੀਆਂ ਦੀ ਕਰਤੂਤ ਕਰਨ ਵਾਲੇ ਲੋਕ ਕੇਵਲ ਘਟੀਆ ਕਿਸਮ ਦੇ ਲੋਕ ਹੀ ਸਨ, ਜੋ ਕਿ ਧਰਤੀ ਦਾ ਕੂੜਾ ਕਰਕਟ ਹਨ।

ਮੈਂ ਇਹ ਗੱਲਾਂ ਦੂਰੋਂ ਵੇਖ-ਸੁਣ ਕੇ ਨਹੀਂ ਲਿਖ ਰਿਹਾ, ਬਲਕਿ ਇਸ ਖ਼ੌਫ਼ਨਾਕ ਘੱਲੂਘਾਰੇ ਦੇ ਸ਼ਿਕਾਰ ਇਕ ਵਿਅਕਤੀ ਵਜੋਂ ਲਿਖ ਰਿਹਾ ਹਾਂ। ਮੇਰੀ ਆਪਣੀ ਵਿਥਿਆ ਇਸ ਪ੍ਰਕਾਰ ਹੈ :—

੩੧ ਅਕਤੂਬਰ ਵਾਲੇ ਮਨਹੂਸ ਦਿਨ ਸ਼ਾਮੀਂ ੫ ਵਜੇ ਮੈਂ ਆਪਣੇ ਨਵੇਂ ਨਵੇਂ ਲਏ ਰਾਇਲ ਐਨਫੀਲਡ ਮੋਟਰ-ਸਾਈਕਲ ਤੇ ਸਵਾਰ ਹੋ ਕੇ ਬੜੀ ਖੁਸ਼ੀ ਤੇ ਮਾਣ ਨਾਲ ਸਫ਼ਦਰਜੰਗ ਹਸਪਤਾਲ ਵਿੱਚ ਜਾ ਰਿਹਾ ਸਾਂ। ਸਫ਼ਦਰ-ਜੰਗ ਦੇ ਪੁੱਲ ਤੋਂ ਉਰਲੇ ਚੌਂਕ ਵਿੱਚ ਇਕ ਸਿਪਾਹੀ ਨੇ ਪੁੱਲ ਦੇ ਦੂਸਰੇ ਪਾਸੇ ਹੋ ਰਹੀ ਹੁੱਲੜ-ਬਾਜ਼ੀ ਤੋਂ ਅਚੇਤ ਰਹਿੰਦਿਆਂ ਮੈਨੂੰ ਹੱਥ ਦਿੱਤਾ। ਪੁੱਲ ਦੇ ਸਿਖ਼ਰ ਤੇ ਪੁੱਜ ਕੇ ਮੈਨੂੰ ਅਚਨਚੇਤ ਹੀ ੫੮੦ ਦੇ ਕਰੀਬ ਹੁਲੜਬਾਜ਼ਾਂ ਦੀਆਂ ਖ਼ੂਨੀ ਕਿਲਕਾਰੀਆਂ ਦਾ ਸਾਹਮਣਾ ਕਰਨਾ ਪੈ ਗਿਆ। ਪੁੱਲ ਚੜ੍ਹਨ ਵੇਲੇ ਤੱਕ ਤਾਂ ਉਹ ਮੇਰੀ ਨਜ਼ਰੋਂ ਓਹਲੇ ਹੀ ਰਹੇ ਸਨ। ਉਨ੍ਹਾਂ ਨੂੰ ਦੇਖਣ ਸਾਰ ਹੀ ਮੈਂ ਇਕ ਗਲੀ ਵਿੱਚ ਵੜ ਕੇ ਕੋਈ ਰਾਹ ਢੂੰਡਣ ਦੀ ਅਸਫਲ ਕੋਸ਼ਿਸ਼ ਕੀਤੀ, ਕਿਉਂਕਿ ਗਲੀ ਅੱਗੋਂ ਬੰਦ ਸੀ। ਮੇਰਾ ਮੋਟਰ ਸਾਈਕਲ ਫਿਟ-ਫਿਟ ਕਰਦਾ ਹੋਇਆ ਬੰਦ ਹੋ ਗਿਆ। ਅੱਖ ਦੇ ਪਲਕਾਰੇ ਵਿੱਚ ਹੀ ਭੀੜ ਮੇਰੇ ਕੋਲ ਆ ਗਈ ਤੇ ਮੈਂ ਆਪਣੇ ਆਪ ਨੂੰ ਕਿਸਮਤ ਦੇ ਹਵਾਲੇ ਕਰ ਦਿੱਤਾ। ਉਨ੍ਹਾਂ ਨੇ ਬੜੇ ਯੋਜਨਾ-ਬੱਧ ਢੰਗ ਨਾਲ ਤੇ ਪੂਰੀ ਦ੍ਰਿੜ੍ਹਤਾ ਨਾਲ ਮੇਰੇ ਕੋਲੋਂ ਸੋਨੇ ਦੀ ਚੈਨੀ, ਸਿਟੀਜ਼ਨ ਘੜੀ, ਬਟੂਆ, ਡਰਾਈਵਿੰਗ ਲਾਇਸੰਸ ਵਗੈਰਾ ਖੋਹ ਲਏ ਤੇ ਫਿਰ ਬੇਦਰਦੀ ਨਾਲ ਮੈਨੂੰ ਕੁੱਟਣਾ ਸ਼ੁਰੂ ਕਰ ਦਿੱਤਾ।

ਮੇਰੇ ਮੋਟਰ ਸਾਈਕਲ ਤੇ ਮੇਰੀ ਦਸਤਾਰ ਨੂੰ ਅੱਗ ਲਗਾਣ ਬਾਅਦ ਉਨ੍ਹਾਂ ਨੇ ਮੈਨੂੰ ਖੜਾ ਕੀਤਾ ਤੇ ਮੇਰੇ ਹੱਥ ਤੇ ਮੇਰੀ ਪੈਂਟ ਨੂੰ ਪੈਟਰੋਲ ਨਾਲ ਭਿਉਂ ਦਿੱਤਾ ਤੇ ਭੀੜ ਦੇ ਦੂਸਰੇ ਮੈਂਬਰਾਂ ਦੀ ਖੁਸ਼ੀ ਲਈ ਮੇਰੇ ਹੱਥਾਂ ਨੂੰ ਅੱਗ ਲਗਾ ਦਿੱਤੀ। ਭੀੜ ਵਾਲੇ ਵੀ ਇਕ ਮਨੁੱਖ ਤੇ ਹੁੰਦੇ ਤਸੀਹਿਆਂ ਦੇ ਇਸ ਦ੍ਰਿਸ਼ ਨੂੰ ਵੇਖ ਕੇ ਬੇ-ਹੱਦ ਖ਼ੁਸ਼ੀਆਂ ਮਨਾ ਰਹੇ ਹੋਣਗੇ। ਇਸ ਮੌਕੇ ਤੇ ਮੇਰੇ ਸੁਚੇਤ ਦਿਮਾਗ਼ ਨੇ ਮੇਰੀ ਮਦਦ ਕੀਤੀ। ਮੈਂ ਆਪਣੀ ਦਸਤਾਰ ਸੁੱਟ ਦਿੱਤੀ ਤੇ ਆਪਣੇ ਬਲਦੇ ਹੋਏ ਹੱਥ ਵਿੱਚੋਂ ਨਿਕਲ ਰਹੀਆਂ ਲਪਟਾਂ ਨੂੰ ਆਪਣੀ ਸੂਤੀ ਕਮੀਜ਼ ਨਾਲ ਪੂੰਝ ਕੇ ਬੁਝਾ ਦਿੱਤਾ ਤੇ ਉਨ੍ਹਾਂ ਦੀਆਂ ਕੋਸ਼ਿਸ਼ਾਂ ਨੂੰ ਅਸਫਲ ਬਣਾ ਦਿੱਤਾ। ਅਜਿਹਾ ਮੈਂ ਇਸ ਕਰਕੇ ਕਰ ਸਕਿਆ, ਕਿਉਂਕਿ ਜਿਸ ਬੰਦੇ ਨੇ ਮੈਨੂੰ ਪਿੱਛੋਂ ਫੜਿਆ ਹੋਇਆ ਸੀ, ਅੱਗ ਲੱਗਣ ਬਾਅਦ ਮੈਨੂੰ ਉਹ ਛੱਡ ਗਿਆ ਸੀ।

ਫਿਰ ਉਨ੍ਹਾਂ ਨੇ ਮੈਨੂੰ ਜ਼ਮੀਨ ਤੇ ਲੰਮੇ ਪਾ ਲਿਆ ਤੇ ਮੈਨੂੰ ਪੱਥਰ ਮਾਰਨੇ ਸ਼ੁਰੂ ਕਰ ਦਿੱਤੇ। ਇਕ ਇੱਟ ਮੇਰੇ ਸਿਰ ਵਿੱਚ ਵੱਜੀ ਤੇ ਮੇਰੇ ਸ਼ਿਰ ਤੇ ਨੱਕ ਵਿੱਚੋਂ ਤੇਜ਼ੀ ਨਾਲ ਖ਼ੂਨ ਵਗਣਾ ਸ਼ੁਰੂ ਹੋ ਗਿਆ। ਭੀੜ ਵਿੱਚੋਂ ਦੋ



www.AKJ.Org

ਮੁੰਡਿਆਂ ਨੇ ਅਚਨਚੇਤ ਹੀ ਮੈਨੂੰ ਪਛਾਣ ਲਿਆ ਕਿ ਮੈਂ ਸਫਦਰਜੰਗ ਹਸਪਤਾਲ ਦਾ ਡਾਕਟਰ ਹਾਂ। ਉਨ੍ਹਾਂ ਨੇ ਦੂਸਰਿਆਂ ਨੂੰ ਰੁਕ ਜਾਣ ਲਈ ਮਿੰਨਤਾਂ ਕੀਤੀਆਂ, ਪਰ ਭੀੜ ਨੇ ਅਜੇ ਆਪਣੀ ਤਸੱਲੀ ਅਨੁਸਾਰ ਕੁਝ ਵੀ ਨਹੀਂ ਸੀ ਕੀਤਾ। ਇਸ ਲਈ ਉਨ੍ਹਾਂ ਨੇ ਮੈਨੂੰ ਚੁੱਕ ਲਿਆ ਤੇ ਮੇਰੇ ਸਰੀਰ ਨੂੰ ਉਸ ਪੁੱਲ ਦੇ ਕੰਢੇ ਤੋਂ, ਤੇ ਇਤਨੀ ਖ਼ਤਰਨਾਕ ਉਚਾਈ ਤੋਂ ਹੇਠਾਂ ਸੁੱਟਣ ਦੀ ਕੋਸ਼ਿਸ਼ ਕੀਤੀ। ਮੇਰੀ ਸਾਰੀ ਜ਼ਿੰਦਗੀ ਇਕ ਪਲ ਵਿੱਚ ਹੀ ਮੇਰੀਆਂ ਅੱਖਾਂ ਅੱਗੋਂ ਲੰਘ ਗਈ ਤੇ ਇਸਤੋਂ ਪਹਿਲਾਂ ਕਿ ਮੈਨੂੰ ਕੁਝ ਪਤਾ ਲੱਗਦਾ, ਉਹ ਦੋਵੇਂ ਮੁੰਡੇ ਮੈਨੂੰ ਫਿਰ ਪੁੱਲ ਤੇ ਲੈ ਆਏ।

ਮੇਰੇ ਕੇਸ ਖ਼ੂਨ ਨਾਲ ਲੱਥ-ਪੱਥ ਹੋਏ ਪਏ ਸਨ ਤੇ ਮੈਂ ਖ਼ੂਨ ਨਾਲ ਲਿਬੜੀ ਸੜਕ ਤੇ ਅਧਮੋਈ ਹਾਲਤ ਵਿੱਚ ਮੂਧੇ ਮੂੰਹ ਪਿਆ ਸਾਂ। ਬੜਾ ਹੀ ਦਰਦਨਾਕ ਦ੍ਰਿਸ਼ ਸੀ। ਇਕ ਪਲ ਵਿੱਚ ਹੀ ਦੋਹਾਂ ਮੁੰਡਿਆਂ ਨੇ ਮੈਨੂੰ ਬਾਂਹ ਤੋਂ ਫੜਿਆ ਤੇ ਕੰਨ ਵਿੱਚ ਕਿਹਾ ਕਿ ਮੈਨੂੰ ਜ਼ਿੰਦਾ ਰਹਿਣ ਲਈ ਉਨ੍ਹਾਂ ਨਾਲ ਭੱਜਣਾ ਚਾਹੀਦਾ ਹੈ। ਤੇ ਅਸੀਂ ਤਿੰਨੋਂ ਪੁੱਲ ਤੋਂ ਹੇਠਾਂ ਨੂੰ ਭੱਜ ਤੁਰੇ। ਮੈਂ ਕੁੱਝ ਭੱਜ ਰਿਹਾ ਸਾਂ ਤੇ ਕੁਝ ਲੜਖੜਾ ਰਿਹਾ ਸਾਂ। ਭੀੜ ਪਹਿਲਾਂ ਤਾਂ ਦੁਚਿਤੀ ਵਿੱਚ ਹੋਣ ਕਰਕੇ ਸਾਡੇ ਮਗਰ ਨਾ ਪਈ, ਪਰ ਜਦੋਂ ਉਨ੍ਹਾਂ ਨੂੰ ਆਪਣੀ ਗ਼ਲਤੀ ਦਾ ਅਹਿਸਾਸ ਹੋ ਗਿਆ ਤਾਂ ਉਨ੍ਹਾਂ ਨੇ ਮਗਰੋਂ ਪੱਥਰਾਂ ਦਾ ਮੀਂਹ ਵਸਾਣਾ ਸ਼ੁਰੂ ਕਰ ਦਿੱਤਾ। ਫਿਰ ਵੀ ਅਸੀਂ ਲਾਗਲੀ 'ਸਿਵਲ ਐਵੀਏਸ਼ਨ ਕਾਲੋਨੀ' ਵਿੱਚ ਵੜ ਗਏ।

ਪਾਣੀ ਦਾ ਗਲਾਸ ਲਿਆਣ ਲਈ ਰਾਜੂ ਭੱਜ ਕੇ ਅੰਦਰ ਗਿਆ। ਤੇ ਜਦੋਂ ਉਹ ਬਾਹਰ ਆਇਆ ਤਾਂ ਉਸ ਨਾਲ ਉਸਦੇ ਪਿਤਾ ਸ੍ਰੀ ਕੌਸ਼ਲ ਜੀ ਵੀ ਸਨ। ਉਹ ਮੈਨੂੰ ਆਪਣੇ ਘਰ ਲੈ ਗਏ ਤੇ ਉਨ੍ਹਾਂ ਨੇ ਮੇਰੀ ਸਫ਼ਾਈ ਕਰਨ ਬਾਅਦ ਮੈਨੂੰ ਦੁੱਧ ਦਾ ਗਰਮ ਗਲਾਸ ਦਿੱਤਾ। ਮੈਨੂੰ ਉਨ੍ਹਾਂ ਨੇ ਪੂਰੀ ਤਰ੍ਹਾਂ ਸੁਰੱਖਿਅਤ ਕਰ ਦਿੱਤਾ ਤੇ ਇਕ ਛੋਟੇ ਜਿਹੇ ਕਮਰੇ ਵਿੱਚ ਬੰਦ ਕਰ ਦਿੱਤਾ। ਉਨ੍ਹਾਂ ਨੇ ਮੇਰਾ ਸੁਨੇਹਾ ਮੇਰੇ ਪਰਮ-ਮਿਤਰ ਦੇ ਪਿਤਾ ਏਅਰ-ਮਾਰਸ਼ਲ ਕੇ. ਡੀ. ਚੱਡਾ ਜੀ ਨੂੰ ਪੁਚਾ ਦਿੱਤਾ ਤੇ ਤਸੱਲੀ ਦਿਵਾ ਦਿੱਤੀ ਕਿ ਮੈਂ ਭਾਵੇਂ ਜ਼ਖ਼ਮੀ ਹਾਂ, ਪਰ ਸੁਰੱਖਿਅਤ ਹਾਂ। ਉਨ੍ਹਾਂ ਨੇ ਚੱਡਾ ਜੀ ਨੂੰ ਇਹ ਵੀ ਬੇਨਤੀ ਕੀਤੀ ਕਿ ਉਹ ਮੈਨੂੰ ਲੈਣ ਲਈ ਤਦ ਤੱਕ ਨਾ ਆਉਣ ਜਦ ਤੱਕ ਕਿ ਉਹ ਉਨ੍ਹਾਂ ਨੂੰ ਕਹਿੰਦੇ ਨਹੀਂ, ਕਿਉਂਕਿ ਭੀੜ ਅਜੇ ਵੀ ਪੁੱਲ ਉੱਪਰ ਖੜੀ ਸੀ।

ਰਾਸ਼ਟਰਪਤੀ ਦੀ ਕਾਰ ਜਦੋਂ ਆਲ ਇੰਡੀਆ ਇੰਸਟੀਚਿਊਟ ਆਫ਼ ਮੈਡੀਕਲ ਸਾਇੰਸਜ਼ ਤੋਂ ਵਾਪਸ ਆ ਰਹੀ ਸੀ ਤਾਂ ਉਸ ਉਪਰ ਪੱਥਰ ਮਾਰੇ ਗਏ ਤੇ ਪੁਲਿਸ ਨੇ ਕਿਸੇ ਨੂੰ ਝਾੜ ਝਪਟ ਵੀ ਨਾ ਪਾਈ। ਮੇਰਾ ਇਹ ਵਿਸ਼ਵਾਸ ਹੈ ਕਿ ਕੇਵਲ ਪਹਿਲੇ ਪੰਜ ਘੰਟਿਆਂ ਵਿੱਚ ਹੀ ਉਸ ਪੁਲ ਤੇ ਹੀ ਦਫ਼ਤਰਾਂ ਤੋਂ ਘਰਾਂ ਨੂੰ ਜਾ ਰਹੇ ਦਰਜਨ ਦੇ ਕਰੀਬ ਸਿੱਖਾਂ ਨੂੰ ਬੱਸਾਂ ਤੇ ਕਾਰਾਂ ਵਿੱਚੋਂ ਛਾਂਟ ਕੇ ਕੱਢ ਲਿਆ ਗਿਆ ਤੇ ਫਿਰ ਬੜੇ ਦਰਦਨਾਕ ਢੰਗਾਂ ਨਾਲ ਮਾਰ ਦਿੱਤਾ ਗਿਆ।

ਰਾਤ ੧੧—੩੦ ਵਜੇ ਚੱਡਾ ਸਾਹਿਬ ਨੂੰ ਆਉਣ ਲਈ ਕਿਹਾ ਗਿਆ। ਉਹ ਆਪਣੀ ਫ਼ਲੈਗ ਕਾਰ ਤੇ ਹਥਿਆਰ-ਬੰਦ ਰੱਖਿਅਕਾਂ ਨਾਲ ਆ ਗਏ ਤੇ ਉਨ੍ਹਾਂ ਮੈਨੂੰ ਹਸਪਤਾਲ ਪੁਚਾ ਦਿੱਤਾ।

ਹਸਪਤਾਲ ਦੇ ਸਾਰੇ ਸੀਨੀਅਰ ਸਟਾਫ਼ ਨੇ ਮੇਰੀ ਜਾਂਚ-ਪੜਤਾਲ ਕੀਤੀ, ਪਰ ਖੁਸ਼ਕਿਸਮਤੀ ਨਾਲ ਕੋਈ ਵੀ ਜ਼ਖ਼ਮ ਜ਼ਿਆਦਾ ਨਹੀਂ ਸੀ। ਅਗਲੇ ੧੧ ਦਿਨ ਮੈਂ ਚੱਡਾ ਸਾਹਿਬ ਦੇ ਘਰ ਗੁਜ਼ਾਰੇ ਤੇ ਆਪਣੇ ਸਰੀਰਕ ਤੇ ਮਾਨਸਿਕ ਕਸ਼ਟ ਤੋਂ ਬਾਅਦ ਠੀਕ ਠਾਕ ਹੋ ਗਿਆ।

ਮੈਂ ਡੈਡੀ ਨਾਲ ਦਿੱਲੀ ਤੋਂ ਰੋਜ਼ ਹੀ ਬੰਬਈ ਗੱਲ ਕਰਦਾ ਰਿਹਾ, ਪਰ ਮੈਂ ਉਨ੍ਹਾਂ ਨੂੰ ਪੂਰੀਆਂ ਘਟਨਾਵਾਂ ਦੱਸਣ ਤੋਂ ਸੰਕੋਚ ਹੀ ਕੀਤੀ ਰਖਿਆ, ਕਿਉਂਕਿ ਉਹ ਮੇਰੀ ਹਾਲਤ ਸੁਣ ਕੇ ਦਿੱਲੀ ਆ ਜਾਂਦੇ ਤਾਂ ਇਥੇ ਦੀ ਹਾਲਤ ਬਹੁਤ ਹੀ ਭਿਆਨਕ ਸੀ।

ਜੇ ਮੈਂ ਪਿਛੇ ਵਲ ਝਾਤ ਮਾਰਾਂ ਤਾਂ ਮੈਨੂੰ ਲੱਗਦੈ ਕਿ ਇਹ ਸਭ ਅਗੰਮੀ ਕਲਾ ਹੀ ਸੀ, ਜਿਸ ਸਦਕਾ



www.AKJ.Org

ਸਤਿਗੁਰੂ ਜੀ ਨੇ ਆਪ ਹੱਥ ਦੇ ਕੇ ਮੇਰੀ ਰੱਖਿਆ ਕੀਤੀ ਤੇ ਉਨ੍ਹਾਂ ਦੋ ਹਿੰਦੂ ਮੁੰਡਿਆਂ, ਸ੍ਰੀ ਕੌਸ਼ਲ ਦੇ ਨੇਕ ਪਰਿਵਾਰ ਤੇ ਏਅਰ ਮਾਰਸ਼ਲ ਚੱਡਾ ਰਾਹੀਂ ਮੈਨੂੰ ਨਵੇਂ ਜੀਵਨ ਦੀ ਦਾਤ ਬਖ਼ਸ਼ਿਸ਼ ਕੀਤੀ। ਇਸ ਘਟਨਾ ਤੋਂ ਬਾਅਦ ਮੇਰਾ ਇਹ ਨਿਸਚਾ ਹੋਰ ਪੱਕਾ ਹੋਇਆ ਹੈ ਕਿ ਸਤਿਗੁਰੂ ਨਾਨਕ ਜੀ ਸਰਬ-ਵਿਆਪਕ ਹਨ ਤੇ ਉਨ੍ਹਾਂ ਨੇ ਮੇਰੇ ਮਾਤਾ ਪਿਤਾ ਤੇ ਦਾਦਾ-ਦਾਦੀ ਜੀ ਦੇ ਸ਼ੁਭ ਕੰਮਾਂ ਤੇ ਉਨ੍ਹਾਂ ਦੀਆਂ ਅਰਦਾਸਾਂ ਸਦਕਾ ਇਸ ਔਖੇ ਸਮੇਂ ਤੇ ਮੇਰੀ ਰੱਖਿਆ ਕੀਤੀ ਹੈ। ਮੇਰਾ ਹੁਣ ਪੱਕਾ ਨਿਸਚਾ ਹੈ ਕਿ ਮੈਂ ਜੀਵਨ-ਪ੍ਰਯੰਤ ਇਕ ਉਦੇਸ਼ ਦੀ ਪੂਰਤੀ ਹਿੱਤ ਹੀ ਜੀਊਣਾ ਹੈ—ਰੋਗੀ ਜਨਤਾ ਦੀ ਸੇਵਾ ਕਰਨ ਦਾ ਉਦੇਸ਼ ਮੈਂ ਹੁਣ ਨਵੇਂ ਉਤਸ਼ਾਹ ਨਾਲ ਪੂਰਾ ਕਰਨ ਦੇ ਯੋਗ ਹੋ ਸਕਾਂਗਾ।

ਮਾਤਾ ਪਿਤਾ ਜੀ ਨੇ ਸ਼ੁਕਰਾਨੇ ਵਜੋਂ ਅਖੰਡ ਪਾਠ ਤੇ ਲੰਗਰ ਕਰਵਾਇਆ, ਜਿਸਦਾ ਭੋਗ ਐਤਵਾਰ ਸਵੇਰੇ ਭਾਰੀ ਸੰਗਤ ਦੀ ਹਾਜ਼ਰੀ ਵਿਚ ਪਿਆ।

ਸਾਡਾ ਸਭ ਦਾ ਭਵਿੱਖ ਆਪ ਜਿਹੇ ਨਿਰ-ਸੁਆਰਥ ਤੇ ਪ੍ਰਬੁੱਧ ਵਿਦਵਾਨਾਂ ਉੱਪਰ ਹੀ ਨਿਰਭਰ ਕਰਦਾ ਹੈ—ਤੇ ਉਮੀਦ ਹੈ ਕਿ ਤੁਸੀਂ ਸਾਨੂੰ ਜ਼ਰੂਰ ਕੋਈ ਰਸਤਾ ਦੱਸੋਗੇ। ਇਸ ਨਾਲ ਹੀ ਮੈਂ ਹੁਣ ਪੱਤਰ ਖ਼ਤਮ ਕਰਦਾ ਹਾਂ। ਭਾਬੀ ਜੀ ਪ੍ਰਤਿ ਨਿੱਘਾ ਪਿਆਰ।

ਤੁਹਾਡਾ ਪਿਆਰਾ ਪੋਤਰਾ—
ਮਨਦੀਪ ਸਿੰਘ

ਸਿੱਖ ਰਿਵੀਯੂ ਜਨਵਰੀ ੧੯੮੫ ਵਿਚੋਂ

---

# ਜੂਨ ਤੇ ਨਵੰਬਰ ੮੪ ਦੇ ਘਲੂਘਾਰਿਆਂ ਦਾ ਅਸਰ

[ਵਲੋਂ :—ਗਿ: ਗੋਪਾਲ ਸਿੰਘ ਜੀ 'ਮਿੱਤਰ' ਮਾਲਬ]

ਆਸਾਂ ਲੈ ਕੇ ਆਏ ਸਾਂ ਪਾਕ ਵਿਚੋਂ, ਸਮੇਂ ਸਾਰੀਆਂ ਦਾ ਚਕਨਾ ਚੂਰ ਕੀਤੇ।
ਸਾਨੂੰ ਹੋਂਦ ਵਿਲੱਖਣ ਬਚਾਉਣ ਦੇ ਲਈ, ਅੱਜ ਸਮੇਂ ਨੇ ਫੇਰ ਮਜਬੂਰ ਕੀਤੇ।
ਅਸੀਂ ਸਮਝਦੇ ਸਾਂ ਸਾਡਾ ਘਰ ਹੈ ਇਹ, ਸਾਨੂੰ ਚਾਰਦੀਵਾਰੀ ਹੀ ਖਾ ਗਈ ਏ।
ਵਾੜ ਖੇਤ ਨੂੰ ਖਾਉਣ ਲਈ ਉਠ ਕੇ ਤੇ, ਦੁਨੀਆ ਤੱਕਿਐ ਸਾਹਮਣੇ ਆ ਗਈ ਏ।
ਬਾਹਵਾਂ ਜੇਹੜੀਆਂ ਆਪਣੀਆਂ ਸਮਝਦੇ ਸਾਂ, ਉਨ੍ਹਾਂ ਬਾਹਵਾਂ ਨੇ ਬਾਹਵਾਂ ਨੂੰ ਤੋੜ ਸੁਟਿਐ।
ਦਿਲ ਨੇ ਖਾ ਲਿਐ ਉਠ ਕੇ ਕਾਲਜੇ ਨੂੰ, ਸਿਰ ਨੇ ਗਰਦਨ ਨੂੰ ਫੜ ਮਰੋੜ ਸੁਟਿਐ।
ਦਿਲ ਦਿਲਾਂ ਤੋਂ ਹੋਏ ਜੁਦਾ ਐਸੇ, ਕੋਲ ਰਹਿੰਦਿਆਂ ਨਹੀਂ ਧਰਵਾਸ ਬਝਦੀ।
ਕਿਤੇ ਫੇਰ ਨਾ ਆਣ ਕੇ ਪਵੇ ਬਿਜਲੀ, ਬਚੇ ਨ ਆਲ੍ਹਣੇ ਨਹੀਂ ਇਹ ਆਸ ਬਝਦੀ।
ਫੁੱਲਾਂ ਹੱਥੀਂ ਹੀ ਫੁੱਲ ਨੇ ਗਏ ਕੋਹੇ, ਬਾਗ ਰਹੇ ਨਹੀਂ ਸਦਾ ਲਈ ਹਸਣ ਜੋਗੇ।
ਚਮਨ ਜ਼ਾਲਮਾਂ ਜੇਹੜੇ ਉਜਾੜ ਦਿੱਤੇ, ਸੌਖੇ ਉਹ ਨਹੀਂ 'ਮਿੱਤ੍ਰ ਜੀ' ਵਸਣ ਜੋਗੇ।
ਉਡ ਦਿਲਾਂ ਚੋਂ ਧੂੰਏ ਅਕਾਸ਼ ਚੜ੍ਹਦੇ, ਨਾਲ ਹਉਕਿਆਂ ਜਿਗਰ ਧੁਆਖ ਗਏ ਨੇ।
ਟੁੱਟੇ ਦਿਲਾਂ ਦਾ ਜੋੜਨਾ ਬਹੁਤ ਔਖਾ, ਸੱਚੀ ਗਲ ਸਿਆਣੇ ਇਹ ਆਖ ਗਏ ਨੇ।
ਅਸਾਂ ਸੋਚਣੇ ਭਾਰਤ ਵਿਚ ਰਹਿਣ ਦੇ ਲਈ, ਹੁਣ ਕਿਹੜਾ ਤਰੀਕਾ ਅਪਨਾਉਣਾ ਏ।
ਏਸ ਰੂਪ ਨਿਆਰੇ ਦੀ ਰੱਖਿਆ ਲਈ, ਕਿਹੜਾ ਅਗੋਂ ਲਈ ਕਦਮ ਉਠਾਉਣਾ ਏ।
ਦਿਲ ਨੂੰ ਲੱਖ ਤਸੱਲੀਆਂ ਦੇਂਵਦੇ ਹਾਂ, ਐਪਰ ਅੱਥਰਾ ਰਾਸ ਨ ਆਉਂਦਾ ਏ।
ਕੁੱਝ ਕਿਸੇ ਨੂੰ ਪਤਾ ਨਹੀਂ ਰੱਬ ਜਾਣੇ, ਸਮਾਂ ਕੀ ਬਣਾਉਣਾ ਚਾਹੁੰਦਾ ਏ।



www.AKJ.Org

# ਕੌਮੀ ਗ਼ਦਾਰ

[ਵਲੋਂ:—ਸ: ਸੰਤਾ ਸਿੰਘ ਜੀ ਆਜਿਜ਼, ਲੁਧਿਆਣਾ]

ਦਾਰਸਲਾਮ-ਟੁਨਜ਼ਾਨੀਆ, ਈਸਟ ਅਫ਼ਰੀਕਾ, ੧੦-੩-੬੮

ਦਾਰਸਲਾਮ ਟੁਨਜ਼ਾਨੀਆ ਦਾ ਪਰਮੁਖ ਸ਼ਹਿਰ ਤੇ ਰਾਜ ਦੀ ਰਾਜਧਾਨੀ ਵੀ ਹੈ । ਏਥੇ ਇਕ ਵੱਡੀ ਤਿਜਾਰਤੀ ਬੰਦਰਗਾਹ ਤੇ ਰੇਲਵੇ ਦੀ ਇਕ ਵਿਸ਼ਾਲ ਵਰਕਸ਼ਾਪ ਵੀ ਕਾਇਮ ਹੈ, ਜਿਸ ਵਿਚ ਉਹਨੀਂ ਦਿਨੀਂ ਸੈਂਕੜੇ ਭਾਰਤੀ ਹਿੰਦੂ, ਸਿਖ ਤੇ ਮੁਸਲਮਾਨ ਕਾਰੀਗਰ ਤੇ ਕਲਰਕ ਕੰਮ ਕਰਦੇ ਸਨ। ਇਸ ਤੋਂ ਇਲਾਵਾ ਹੋਰ ਵੀ ਕਈ ਕਾਰੋਬਾਰਾਂ ਤੇ ਵਿਉਪਾਰਾਂ ਦੇ ਇਦਾਰੇ ਭਾਰਤੀਆਂ ਨੇ ਕਾਇਮ ਕਰ ਰਖੇ ਸਨ ।

ਇਥੋਂ ਦੇ ਗੁਰਦਵਾਰੇ ਦੀ ਸ਼ਾਨਦਾਰ ਇਮਾਰਤ ਤੇ ਵਡੀ ਲਾਇਬਰੇਰੀ, ਮੁਸਾਫ਼ਰਖ਼ਾਨਾ, ਲੰਗਰ ਖ਼ਾਨਾ, ਲੜਕੀਆਂ ਦਾ ਕਾਲਜ, ਦੋ-ਮੰਜ਼ਲਾ ਹੋਸਟਲ, ਤੇ ਕੁਝ ਰਿਹਾਇਸ਼ੀ ਫ਼ਲੈਟ ਆਪਣੀ ਅਨੋਖੀ ਖਾਲਸਈ ਛਬ ਪੇਸ਼ ਕਰਦੇ ਸਨ। ਨਾਲ ਹੀ ਖੇਲਾਂ ਵਾਸਤੇ ਵਿਸ਼ਾਲ ਗਰਾਊਂਡਾਂ, ਜਿਹਨਾਂ ਵਿਚ ਸ਼ਾਮ ਨੂੰ ਸਿਖ ਨੌਜਵਾਨ ਲੜਕੇ ਹਾਕੀ, ਫ਼ੁਟਬਾਲ ਤੇ ਵਾਲੀਬਾਲ ਖੇਡਣ ਆਉਂਦੇ, ਤੇ ਨਜ਼ਰਾਂ ਨੂੰ ਪਿਆਰੇ ਪੰਜਾਬ ਦਾ ਭੁਲੇਖਾ ਪਾਉਂਦੇ ਸਨ।

ਦਾਰਸਲਾਮ ਸ਼ਹਿਰ ਵਿਚ ਸੈਂਕੜੇ ਨਹੀਂ, ਸਗੋਂ ਹਜ਼ਾਰਾਂ ਦੀ ਗਿਣਤੀ ਵਿਚ ਸਿਖ ਸੰਗਤਾਂ ਵਸਦੀਆਂ ਸਨ ਤੇ ਇਹ ਕੋਈ ਅਤਿਕਥਨੀ ਨਹੀਂ ਕਿ ਸਾਰੇ ਜਗਤ ਵਿਚ ਸਿਰਫ਼ ਇਸੇ ਸ਼ਹਿਰ ਨੂੰ ਹੀ ਇਹ ਮਾਣ ਪ੍ਰਾਪਤ ਹੈ ਕਿ ਹਜ਼ਾਰਾਂ ਵਖ ਵਖ ਖਿਆਲਾਂ ਤੇ ਵਿਚਾਰਾਂ ਰਖਣ ਵਾਲਿਆਂ ਦੇ ਬਾਵਜੂਦ ਵੀ ਏਥੇ ਸਿਰਫ਼ ਇਕੋ ਹੀ ਇਕ ਗੁਰਦਵਾਰਾ ਸ੍ਰੀ ਗੁਰੂ ਸਿੰਘ ਸਭਾ ਦਾ ਹੈ, ਜਿਥੇ ਕਿ ਸੰਗਤਾਂ ਸਵੇਰੇ ਤੇ ਸ਼ਾਮ ਇਲਾਹੀ ਬਾਣੀ ਦੇ ਕੀਰਤਨ ਦਾ ਰਸ ਮਾਣਦੀਆਂ ਤੇ ਗੁਰੂ-ਘਰ ਦੀਆਂ ਅਪਾਰ ਬਖਸ਼ਿਸ਼ਾਂ ਨਾਲ ਝੋਲੀਆਂ ਭਰਦੀਆਂ ਹਨ।

ਵੈਸੇ ਤਾਂ ਇਸ ਗੁਰਦਵਾਰੇ ਵਿਚ ਅਕਸਰ, ਕੀਰਤਨੀਏ ਸਿੰਘਾਂ, ਢਾਡੀ ਸਿੰਘਾਂ ਤੇ ਪਰਚਾਰਕਾਂ ਦੇ ਜਥੇ ਆਉਂਦੇ ਰਹਿੰਦੇ ਤੇ ਆਪਣੇ ਮਨੋਹਰ ਕੀਰਤਨ, ਵਖਿਆਨਾਂ, ਤੇ ਕਥਾਵਾਂ ਦਵਾਰਾ ਸਿਖ ਸੰਗਤਾਂ ਨੂੰ ਨਿਹਾਲ ਕਰ ਕੇ ਖ਼ੁਦ ਵੀ ਨਿਹਾਲੋ ਨਿਹਾਲ ਤੇ ਮਾਲਾ ਮਾਲ ਹੋ ਕੇ ਘਰੀਂ ਮੁੜਦੇ ਸਨ, ਪਰ ਇਕ ਐਸੇ ਸੁਲਝੇ ਹੋਏ ਵਿਦਵਾਨ ਗਿਆਨੀ ਜੀ ਵੀ ਉਥੇ ਪਰਚਾਰ ਲਈ ਪਧਾਰੇ, ਜਿਹਨਾਂ ਨੇ ਗੁਰਮਤਿ ਦੇ ਮੂਲ ਸਿਧਾਂਤਾਂ, ਸਿਖ ਰਹਿਤ ਮਰਯਾਦਾ, ਸੇਵਾ ਤੇ ਸਿਮਰਨ ਤੇ ਸਿਖ ਕੌਮ ਵਿਚ ਕੁਰਹਿਤਾਂ ਬਾਰੇ ਐਸੇ ਪ੍ਰਭਾਵ-ਸ਼ਾਲੀ ਵਖਿਆਨ ਦਿਤੇ ਕਿ ਸੰਗਤਾਂ ਬਲਿਹਾਰ ਬਲਿਹਾਰ ਕਰ ਉਠੀਆਂ। ਇਹਨਾਂ ਦੇ ਵਖਿਆਨਾਂ ਤੋਂ ਪ੍ਰਭਾਵਤ ਹੋ ਕੇ ਸੰਗਤਾਂ ਵਿਚ ਸਿੱਖੀ ਦਾ ਪ੍ਰਬਲ ਜਜ਼ਬਾ ਉਜਾਗਰ ਹੋਣ ਲਗ ਪਿਆ ਤੇ ਗੁਰਦਵਾਰੇ ਦੀ ਹਾਜ਼ਰੀ ਦੁਗਣੀ, ਚੌਗਣੀ ਵਧਣ ਲਗ ਪਈ।

ਸਭ ਤੋਂ ਵਡੀ ਖ਼ੂਬੀ ਗਿਆਨੀ ਜੀ ਵਿਚ ਇਹ ਸੀ ਕਿ ਉਹ ਆਪਣਾ ਇਹ ਪਰਚਾਰ ਬਿਨਾਂ ਕਿਸੇ ਭੇਟਾ ਦੇ ਕਰਦੇ ਸਨ ਤੇ ਕੋਈ ਕਿਸੇ ਕਿਸਮ ਦਾ ਉਪਹਾਰ ਵੀ ਸਿਖ ਪ੍ਰੇਮੀਆਂ ਪਾਸੋਂ ਨਹੀਂ ਲੈਂਦੇ ਸਨ। ਉਹਨਾਂ ਦੇ ਇਸ ਤਿਆਗ ਦੀ ਪ੍ਰਸੰਸਾ ਵੀ ਕਾਫ਼ੀ ਹੋਈ। ਉਹਨਾਂ ਦੀ ਪੂਰਨ ਗੁਰਸਿਖਾਂ ਵਾਲੀ ਸਾਬਤ ਸੂਰਤ, ਲੰਬਾ ਸਫ਼ੇਦ ਦਾਹੜਾ, ਨੂਰਾਨੀ ਮੁਖੜਾ, ਰੰਗ ਵਿਚ ਮਤੇ ਨੈਨ। ਸਾਫ਼ ਤੇ ਉਜਲੇ ਬਸਤਰ ਪਹਿਨ ਕੇ ਜਦੋਂ ਉਹ ਗੁਰੂ ਬਾਣੀ ਦੀ ਹਜ਼ੂਰੀ ਵਿਚ ਬੈਠ ਕੇ, ਨੈਨ ਮੁੰਧ ਕੇ ਗੁਰਬਾਣੀ ਪੜ੍ਹਦੇ ਤੇ ਵਖਿਆਨ ਕਰਦੇ ਤਾਂ ਉਹਨਾਂ ਦੇ ਅੰਮ੍ਰਿਤ-ਮਈ ਬਚਨ ਸੁਣ ਕੇ ਸੰਗਤਾਂ ਝੂਮ ਝੂਮ ਉਠਦੀਆਂ ਸਨ।

ਇਸ ਗੁਰਦਵਾਰੇ ਦੇ ਉਸ ਵੇਲੇ ਦੇ ਪਰਧਾਨ ਇਕ ਬੜੇ ਗੁਰਮੁਖ ਜੀਵਨੀ ਵਾਲੇ ਸਿੰਘ ਜੀ ਸਚੇ ਤੇ ਸੁਚੇ ਵਿਚਾਰਾਂ ਵਾਲੇ, ਜ਼ਾਤਾਂ ਪਾਤਾਂ ਤੋਂ ਉਪਰ, ਏਕਤਾ ਦੇ ਮਤਵਾਲੇ, ਸਿਦਕ ਤੇ ਭਰੋਸੇ ਵਾਲੇ ਤੇ ਹਰ ਮਨਮਤਿ ਦਾ ਟਾਕਰਾ ਦਲੇਰੀ ਨਾਲ ਕਰਨ ਵਾਲੇ ਨਿਡਰ ਗੁਰਸਿਖ ਸਨ। ਉਹਨਾਂ ਦੀਆਂ ਇਹਨਾਂ ਵਡਿਆਈਆਂ ਤੇ ਨੇਕ ਕਮਾਈਆਂ ਕਾਰਨ ਸੰਗਤਾਂ ਤੇ ਇਹਨਾਂ ਦਾ ਕਾਫ਼ੀ ਪ੍ਰਭਾਵ ਸੀ ਤੇ ਉਹ ਕਿਸੇ ਵੀ ਕਿਸਮ ਦੀ ਕੁਰਹਤਿ ਯਾ ਮਨਮਤਿ ਗੁਰਦਵਾਰੇ ਵਿਚ ਬਰਦਾਸ਼ਤ ਨਹੀਂ ਕਰਦੇ ਸਨ।



www.AKJ.Org

ਹਫਤੇ ਕੁ ਬਾਅਦ ਇਕ ਸ਼ਾਮੀਂ ਗਿਆਨੀ ਜੀ ਮਹਾਰਾਜ ਦੀ ਤਾਬਿਆ ਬੈਠੇ ਗੁਰਬਾਣੀ ਕਥਾ ਦਾ ਪਰਵਾਹ ਚਲਾ ਰਹੇ ਸਨ। ਸੰਗਤਾਂ ਗੁਰ-ਚਰਨਾਂ ਵਿਚ ਜੁੜੀਆਂ ਬੈਠੀਆਂ ਸਨ। ਕੋਈ ਉਚੀ ਸਾਹ ਤਕ ਨਹੀਂ ਲੈ ਰਿਹਾ ਸੀ। ਐਸੇ ਸ਼ਾਂਤਮਈ ਤੇ ਅਨੰਦਮਈ ਸਮੇਂ ਪਰਧਾਨ ਜੀ ਆਪਣੇ ਕੁਝ ਸਾਥੀਆਂ ਨਾਲ ਗੁਰਦਵਾਰੇ ਆਏ, ਮਹਾਰਾਜ ਅਗੇ ਮਥਾ ਟੇਕਿਆ ਤੇ ਫਿਰ ਖੜੇ ਹੋ ਕੇ ਗਿਆਨੀ ਜੀ ਨੂੰ ਬੜੇ ਸਖ਼ਤ ਲਹਿਜੇ ਵਿਚ ਕਥਾ ਬੰਦ ਕਰਨ ਤੇ ਮਹਾਰਾਜ ਜੀ ਦੀ ਤਾਬਿਆ ਤੋਂ ਉਠ ਖੜਨ ਲਈ ਆਦੇਸ਼ ਦਿਤਾ। ਸਾਰੀ ਸੰਗਤ ਹੈਰਾਨ, ਤੇ ਗਿਆਨੀ ਜੀ ਵੀ ਕੁਝ ਪ੍ਰੇਸ਼ਾਨ ਨਜ਼ਰ ਆਏ। ਪਰ ਉਹ ਉਠੇ ਨਹੀਂ ਤੇ ਕਹਿਣ ਲਗੇ ਕਿ ਕਥਾ ਹੁਣ ਥੋੜੀ ਹੀ ਹੋਰ ਰਹਿ ਗਈ ਹੈ, ਸਮਾਪਤ ਕਰਕੇ ਹੀ ਉਠਾਂਗੇ। ਐਪਰ ਪਰਧਾਨ ਜੀ ਨੇ ਸਖ਼ਤੀ ਨਾਲ ਇਸਦਾ ਵਿਰੋਧ ਕੀਤਾ ਤੇ ਗਰਜ ਕੇ ਕਿਹਾ ਕਿ ਹੁਣੇ ਹੀ ਉਠੋ। ਤੇ ਜਲਦੀ ਤੋਂ ਜਲਦੀ ਏਥੋਂ ਤੁਰਦੇ ਬਣੋ। ਤੁਹਾਡੇ ਜਿਹੇ ਨੀਚ ਤੇ ਕੌਮੀ ਗ਼ਦਾਰ ਨੂੰ ਗੁਰੂ ਮਹਾਰਾਜ ਦੀ ਹਜ਼ੂਰੀ ਵਿਚ ਬੈਠਣ ਦਾ ਕੋਈ ਅਧੀਕਾਰ ਨਹੀਂ। ਸਾਨੂੰ ਤੁਹਾਡੀ ਅਸਲੀਅਤ ਦਾ ਪਤਾ ਲਗ ਗਿਆ ਹੈ, ਤੁਸੀਂ ਭਾਰਤ ਸਰਕਾਰ ਦੇ ਜਾਸੂਸ ਹੋ ਤੇ ਸੰਤਾਂ ਦੇ ਭੇਸ ਵਿਚ, ਸਿਖ ਦੇਸ਼-ਭਗਤਾਂ ਨੂੰ ਪਕੜਨ ਵਾਸਤੇ, ਸਿਖ-ਜਗਤ ਨੂੰ ਠਗ ਤੇ ਛਲ ਰਹੇ ਹੋ, ਤੁਹਾਡੀਆਂ ਕਾਲੀਆਂ ਕਰਤੂਤਾਂ ਕਾਰਨ ਕਿਤਨੇ ਹੀ ਦੇਸ਼-ਭਗਤ ਦੇਸ਼ ਤੇ ਵਿਦੇਸ਼ਾਂ ਵਿਚ ਜੇਲ੍ਹੀਂ ਸੜ ਰਹੇ ਤੇ ਫਾਂਸੀਆਂ ਤੇ ਚੜ੍ਹ ਰਹੇ ਹਨ ਤੇ ਹੁਣ ਵੀ ਤੁਸੀਂ ਇਕ ਪਰਸਿਧ ਦੇਸ਼-ਭਗਤ ਨੂੰ ਫੜਾਉਣ ਦੀ ਨਾਪਾਕ ਹਰਕਤ ਕਰਨ ਆਏ ਹੋ। ਅਸੀਂ ਤੁਹਾਨੂੰ ਵੰਗਾਰ ਕੇ ਕਹਿੰਦੇ ਹਾਂ ਕਿ ਅਸੀਂ ਹੁਣ ਤੁਹਾਡੇ ਇਸ ਅਪਵਿਤਰ ਵਜੂਦ ਨੂੰ ਇਸ ਪਵਿਤਰ ਅਸਥਾਨ ਤੇ ਇਕ ਮਿੰਟ ਵੀ ਨਹੀਂ ਬਰਦਾਸ਼ਤ ਕਰ ਸਕਦੇ। ਜਿਤਨੀ ਜਲਦੀ ਹੋ ਸਕੇ, ਤੁਸੀਂ ਆਪਣਾ ਇਹ ਕਲੰਕਤ ਤੇ ਮਨਹੂਸ ਚੇਹਰਾ ਛੁਪਾ ਕੇ ਗੁਰਦਵਾਰੇ ਦੀ ਹਦੂਦ ਤੋਂ ਬਾਹਰ ਹੋ ਜਾਉ, ਨਹੀਂ ਤੇ ਸਾਨੂੰ ਸਖ਼ਤੀ ਵਰਤਣੀ ਪਵੇਗੀ। ਸਾਨੂੰ ਕੋਈ ਪਰਵਾਹ ਨਹੀਂ ਕਿ ਤੁਹਾਡੀ ਪਿਠ ਪਿਛੇ ਬਹੁਤ ਵਡਾ ਸ਼ਕਤੀਸ਼ਾਲੀ ਬਰਿਟਿਸ਼ ਸਾਮਰਾਜ ਮੌਜੂਦ ਹੈ ਤੇ ਐਥੇ ਲੋਕਲ ਗੌਰਮਿੰਟ ਤੁਹਾਡੀ ਸਹਾਇਕ ਹੈ। ਤੁਸੀਂ ਬਾਹਰ ਜਾ ਕੇ ਜੋ ਮਰਜ਼ੀ ਹੈ ਪਏ ਕਰੋ, ਪਰ ਐਥੇ ਸੱਚੇ ਪਾਤਸ਼ਾਹ ਦੇ ਦਰਬਾਰ ਵਿਚ ਤੁਹਾਡੀ ਇਸ ਕੂੜੀ ਤੇ ਕਲੰਕਤ ਦੇਹ ਨੂੰ ਤਕਣਾ ਵੀ ਅਸੀਂ ਗੁਨਾਹ ਸਮਝਦੇ ਹਾਂ।

ਜਦੋਂ ਸਭਾ ਵਿਚ ਸਜੀ ਸਾਰੀ ਸੰਗਤ ਨੂੰ ਪਰਧਾਨ ਜੀ ਦੁਆਰਾ ਦਸੀ ਗਈ ਅਸਲੀਅਤ ਦਾ ਪਤਾ ਲਗਾ ਤਾਂ ਜਿਹੜੀਆਂ ਸੰਗਤਾਂ ਕੁਝ ਸਮਾਂ ਪਹਿਲਾਂ ਗਿਆਨੀ ਜੀ ਲਈ ਵਾਹ ਵਾਹ ਕਰ ਰਹੀਆਂ ਸਨ, ਹੁਣ ਤ੍ਰਾਹ ਤ੍ਰਾਹ ਕਰਨ ਲਗ ਪਈਆਂ। ਕਈਆਂ ਦੇ ਤਾਂ ਕਰੋਧ ਨਾਲ ਡੌਲੇ ਫਰਕਣ ਲਗ ਪਏ। ਸੰਗਤਾਂ ਦੀਆਂ ਗੁਸੇ ਨਾਲ ਭਖੀਆਂ ਸੁਰਖ਼ ਅਖੀਆਂ ਤੇ ਮਥੇ ਦੀਆਂ ਤਣੀਆਂ ਭਵਾਂ ਦੀ ਤਾਬ ਨਾ ਲਿਆਉਂਦਿਆਂ, ਉਹ ਕੌਮੀ ਗ਼ਦਾਰ ਗਿਆਨੀ-ਪੁਣੇ ਦਾ ਅਖਉਤੀ ਚੋਖਟਾ ਉਤਾਰ ਕੇ ਮੂਰਖ ਅਗਿਆਨੀਆਂ ਵਾਂਗ ਗੁਸੇ ਵਿਚ ਭਖਿਆ, ਭਰਿਆ ਪੀਤਾ, ਬਕਦਾ ਝਕਦਾ, ਖਿਝਦਾ ਖਪਦਾ ਮਹਾਰਾਜ ਦੀ ਹਜ਼ੂਰੀ ਤੋਂ ਉਠ ਕੇ ਆਪਣਾ ਬੋਰੀਆ ਬਿਸਤਰਾ ਵਲ੍ਹੇਟ ਕੇ ਝਬਦੇ ਹੀ ਗੁਰਦਵਾਰੇ ਤੋਂ ਪਤਰਾ ਵਾਚ ਗਿਆ।

## ਕੇਸ

'ਕੇਸ' ਗੁਰਸਿੱਖੀ ਦੀ ਨੀਂਹ ਹਨ, ਜਿਸ ਉਪਰ ਬਾਕੀ ਜੀਵਨ ਅਵਸਥਾ ਦੀ ਉਸਾਰੀ ਹੁੰਦੀ ਹੈ।......ਸਿੱਖੀ ਦੀ ਸਭ ਤੋਂ ਵੱਡੀ ਤੇ ਸ਼੍ਰੋਮਣੀ ਰਹਿਤ 'ਕੇਸ' ਹਨ ਅਤੇ ਇਸ ਰਹਿਤ ਵਿਚ ਹੀ ਸਿਖ ਦੀ ਜਿੰਦ ਜਾਨ ਹੈ।.....ਕੇਸਾਂ ਦੀ ਰਹਿਤ ਦੇ ਕਰੜੇ ਪਹਿਰੇ ਨੇ ਹੀ ਸਿਖ ਇਤਿਹਾਸ ਨੂੰ ਸ਼ਹੀਦੀਆਂ ਦੀ ਅਨੋਖੀ ਤੇ ਅਲੌਕਿਕ ਲੜੀ ਵਿਚ ਪ੍ਰੋ ਦਿਤਾ ਹੋਇਆ ਹੈ। ...ਕੇਸ ਸਿਖਾਂ ਦਾ ਅਜੀਤ ਗੜ੍ਹ ਹਨ ਅਤੇ ਇਨ੍ਹਾਂ ਕੇਸਾਂ ਦੀ ਮਹਾਨਤਾ ਦੇ ਆਸਰੇ ਹੀ ਗੁਰਸਿਖਾਂ ਦੇ ਪ੍ਰਭਾਵ ਨੇ ਸਾਰੀ ਦੁਨੀਆ ਵਿਚ ਵਿਚਰਨਾ ਹੈ।. ...ਕੇਸਾਂ ਦੀ ਹੀਨਤਾ ਦਾ ਦੰਡ ਮਨੁਖ ਨੂੰ ਇਤਨਾ ਸਖ਼ਤ ਮਿਲ ਰਿਹਾ ਹੈ ਕਿ ਖ਼ਿਆਲ ਆਉਂਦਿਆਂ ਹੀ ਮਨੁਖ ਨੂੰ ਕੰਬਣੀ ਛਿੜ ਪੈਂਦੀ ਹੈ। ਕੇਸਾਂ ਬਿਨਾਂ ਨਾ ਮਨੁਖ ਦੀ ਮਾਨਸਕ ਗਤੀ ਹੈ ਤੇ ਨਾ ਹੀ ਆਤਮਕ, ਇਸ ਲਈ ਇਸ ਭੇਦ ਨੂੰ ਬੰਦਾ ਜਿਤਨੀ ਛੇਤੀ ਸਮਝ ਸਕੇ; ਉਤਨਾ ਹੀ ਚੰਗਾ ਹੈ। ਕੇਸ ਦੇਹ ਦੇ ਜੀਉਂਦੇ ਜਾਗਦੇ ਅਤੇ ਚੇਤੰਨ ਅੰਗ ਹਨ।

[ਟ੍ਰੈਕਟ ਗਿ: ਗੋਪਾਲ ਸਿੰਘ 'ਕੇਸ ਰੱਬੀ ਦਾਤ' ਚੋਂ ਡਾ: ਚੰਦਾ ਸਿੰਘ ਲਿਖਤ

www.AKJ.Org

# ਜਗਤ-ਰਚਨਾ

[ਵਲੋਂ—ਗਿਆਨੀ ਹਰਬੰਸ ਸਿੰਘ ਜੀ, ਪਟਿਆਲਾ]

ਪ੍ਰਣਵੋ ਆਦਿ ਏਕੰਕਾਰਾ ॥ ਜਲ ਥਲ ਮਹੀਅਲ ਕੀਓ ਪਸਾਰਾ ॥

[ਚੌਪਈ ਪਾ: ੧੦, ਅਕਾਲ ਉਸਤਤਿ 'ਚੋਂ

ਜਗਤ ਰਚਨਾ ਬਾਰੇ ਭਿੰਨ ਭਿੰਨ ਮਤ ਮਤਾਂਤਰਾਂ ਵਿੱਚ ਭਾਂਤ ਭਾਂਤ ਦੇ ਵਿਚਾਰ ਪ੍ਰਚਲਤ ਹਨ। ਭਾਰਤੀ ਦਰਸ਼ਨ 'ਓਅਮ' ਸ਼ਬਦ ਤੋਂ ਸੰਸਾਰ ਦੀ ਉਤਪਤੀ ਦੱਸਦੇ ਹਨ, ਇਸਲਾਮ ਮਤ ਵਾਲੇ 'ਕੁੰਨ' ਆਵਾਜ਼ ਤੋਂ ਦੁਨੀਆ ਦਾ ਆਗਾਜ਼ ਹੋਇਆ ਕਹਿੰਦੇ ਹਨ, ਈਸਾਈਅਤ ਵਾਲੇ ਰੱਬੀ-ਕਲਾਮ ਤੋਂ ਜਗਤ-ਰਚਨਾ ਦੀ ਹੋਂਦ ਮੰਨਦੇ ਹਨ। ਗੱਲ ਕੀ, ਇਹਨਾਂ ਤਿੰਨਾਂ ਮੱਤਾਂ ਨੇ 'ਸ਼ਬਦ' ਤੋਂ ਜਗਤ ਦਾ ਆਰੰਭ ਮੰਨਿਆ ਹੈ, ਭਾਵੇਂ 'ਸ਼ਬਦ' ਦੇ ਅਰਥ ਵੱਖੋ ਵੱਖਰੀ ਭਾਸ਼ਾ ਅਨੁਸਾਰ ਅੱਡ ਅੱਡ ਹਨ। ਵੇਦਾਂਤੀ ਵਿਸ਼ਵ ਦੀ ਉਤਪਤੀ ਮਾਇਆ ਤੋਂ ਹੋਈ ਮੰਨਦੇ ਹਨ। ਉਹ ਆਪਣੇ ਵੀਚਾਰਾਂ ਦਾ ਪ੍ਰਗਟਾਵਾ ਇਉਂ ਵੀ ਕਰਦੇ ਹਨ ਕਿ ਪਹਿਲਾਂ ਸੰਯਭੂ ਅਤੇ ਉਸਦੀ ਇਸਤ੍ਰੀ ਸਤਰੂਪਾ ਬਣੀ, ਉਨ੍ਹਾਂ ਦੇ ਰਕਤ-ਬਿੰਦ ਤੋਂ ਜੀਵ ਪੈਦਾ ਹੋਇਆ ਅਤੇ ਇਸੇ ਜੁਗਤੀ ਨਾਲ ਜਗਤ ਦਾ ਪਸਾਰਾ ਵਧਦਾ ਗਿਆ। ਨਾਸਤਕਾਂ ਤੇ ਵਿਗਿਆਨੀਆਂ ਦੇ ਮਤ ਸ੍ਰਿਸ਼ਟੀ-ਰਚਨਾ ਬਾਰੇ ਮਿਲਦਾ-ਜੁਲਦਾ ਵਿਚਾਰ ਰਖਦੇ ਹਨ, ਕਿਉਂਕਿ ਉਹ ਪੁਰਖ ਅਤੇ ਪ੍ਰਕਿਰਤੀ ਨੂੰ ਅਨਾਦੀ ਮੰਨਦੇ ਹਨ। ਹੋਰ ਕਈ ਮਿਸ਼ਰਤ ਵੀਚਾਰ, ਜਿਵੇਂ ਕਿ ਜਗਤ ਦੀ ਰਚਨਾ ਪਾਣੀ ਤੋਂ, ਅੰਡੇ ਤੋਂ, ਰੌਸ਼ਨੀ ਤੋਂ, ਇਤਿਆਦਿ ਹੋਰ ਚੀਜ਼ਾਂ ਤੋਂ ਹੋਈ ਦਸਦੇ ਹਨ, ਪਰ ਏਦਾਂ ਦੇ ਸਾਰੇ ਅਨੁਮਾਨ ਅਟਕਲ-ਪਚੂ ਹੀ ਹਨ, ਅਸਲੀਅਤ ਨਹੀਂ।

ਸਿੱਖੀ ਦੇ ਸੰਚਾਲਕ ਸਤਿਗੁਰੂ ਸਾਹਿਬਾਨ ਦੀ ਵਿਚਾਰਧਾਰਾ ਹੋਰਨਾਂ ਮੱਤਾਂ ਨਾਲੋਂ ਨਿਰਾਲੀ ਹੈ। ਆਪ ਜੀ ਦੇ ਅੰਕਤ ਬਚਨਾਂ ਦਾ ਸਾਰ ਇਹ ਹੈ ਕਿ ਸ੍ਰਿਸ਼ਟੀ ਆਪਣੇ ਆਪ ਹੋਂਦ ਵਿਚ ਨਹੀਂ ਆਈ; ਇਹ ਕਾਰਨ ਰੂਪ ਹੈ, ਕਰਤਾ ਰੂਪ ਨਹੀਂ; ਇਹ ਨਾਦੀ ਹੈ, ਅਨਾਦੀ ਨਹੀਂ। ਅਨਾਦੀ ਕੇਵਲ ਆਦਿ ਪੁਰਖ ਪਾਰਬ੍ਰਹਮ ਹੀ ਹੈ—

ਕੇਵਲ ਕਾਲ ਈ ਕਰਤਾਰ ॥
ਆਦਿ ਅੰਤ ਅਨੰਤ ਮੂਰਤਿ ਗੜਨ ਭੰਜਨਹਾਰ ॥ (ਸ਼ਬਦ ਹਜ਼ਾਰੇ ਪਾ: ੧੦)

ਜਗਤ ਗੁਰੂ ਬਾਬਾ ਨਾਨਕ ਜੀ ਦੇ ਪਾਵਨ ਪਵਿੱਤ੍ਰ ਵੀਚਾਰਾਂ ਅਨੁਸਾਰ ਇਹ ਗੱਲ ਮੰਨਣਯੋਗ ਹੈ ਕਿ ਆਦਿ ਪੁਰਖ ਦੀ ਅਫੁਰ ਸਮਾਧੀ 'ਚੋਂ ਹੀ ਜਗਤ-ਰਚਨਾ ਨੇ ਸਾਕਾਰ ਰੂਪ ਧਾਰਿਆ, ਭਾਵ ਨਿਰੰਕਾਰ ਜੀ ਨੇ ਆਪਣੀ ਮੌਜ ਵਿਚ ਆਪਣੇ ਹੁਕਮ ਨਾਲ ਹੀ ਜਗਤ ਦੀ ਰਚਨਾ ਕੀਤੀ, ਜਿਸ ਦੀ ਪੁਸ਼ਟੀ ਗੁਰੂ ਬਾਬਾ ਜੀ ਦੇ ਪਿਛਲੇ ਪ੍ਰਕਰਣ ਵਿਚ ਮਾਰੂ ਰਾਗ ਵਾਲੇ ਸ਼ਬਦ ਵਿਚੋਂ ੧੩ਵੇਂ ਅੰਕ ਮਗਰੋਂ ੧੪ਵੇਂ ਅਤੇ ੧੫ਵੇਂ ਅੰਕਾਂ ਰਾਹੀਂ ਭਲੀ ਪ੍ਰਕਾਰ ਹੋ ਜਾਂਦੀ ਹੈ—

ਜਾ ਤਿਸੁ ਭਾਣਾ ਤਾ ਜਗਤੁ ਉਪਾਇਆ ॥ ਬਾਝੁ ਕਲਾ ਆਡਾਣੁ ਰਹਾਇਆ ॥
ਬ੍ਰਹਮਾ ਬਿਸਨੁ ਮਹੇਸੁ ਉਪਾਏ, ਮਾਇਆ ਮੋਹੁ ਵਧਾਇਦਾ ॥੧੪॥
ਵਿਰਲੇ ਕਉ ਗੁਰ ਸਬਦੁ ਸੁਣਾਇਆ ॥ ਕਰਿ ਕਰਿ ਦੇਖੈ ਹੁਕਮੁ ਸਬਾਇਆ ॥
ਖੰਡ ਬ੍ਰਹਮੰਡ ਪਾਤਾਲ ਅਰੰਭੇ, ਗੁਪਤਹੁ ਪਰਗਟੀ ਆਇਦਾ ॥੧੫॥ [ਪੰਨਾ ੧੦੩੬

ਗੁਪਤ ਤੋਂ ਪਰਗਟ ਹੋਣ ਦਾ ਭਾਵ ਨਿਰਗੁਣ ਤੋਂ ਸਰਗੁਣ ਰੂਪ ਧਾਰਨ ਦਾ ਹੈ, ਜਿਹੜਾ ਕਿ ਅਸਚਰਜਤਾ ਦਾ ਲਖਾਇਕ ਹੈ। ਇਸ ਦਾ ਵਿਸ਼ਲੇਸ਼ਣ ਕਰਨਾ ਅਸੰਭਵ ਹੈ। ਗੁਰੂ ਬਾਬਾ ਜੀ ਉਪਰੋਕਤ ਸ਼ਬਦ ਦੀ ਸਮਾਪਤੀ ਤੇ ੧੬ਵੇਂ ਅੰਕ ਵਿੱਚ ਆਦਿ ਪੁਰਖ ਦੀ ਅਨੰਤ-ਕਲਾ ਦਾ ਦਰਸ਼ਨ ਕਰ ਕੇ ਆਪ ਵਿਸਮਾਦ ਵਿਚ ਆ ਜਾਂਦੇ ਹਨ ਅਤੇ ਗੁਣ ਗਾਇਨ ਕਰਦੇ ਹਨ :—



www.AKJ.Org

ਤਾ ਕਾ ਅੰਤੁ ਨ ਜਾਣੈ ਕੋਈ ॥ ਪੂਰੇ ਗੁਰ ਤੇ ਸੋਝੀ ਹੋਈ ॥
ਨਾਨਕ ਸਾਚਿ ਰਹੇ ਬਿਸਮਾਦੀ, ਬਿਸਮ ਭਏ ਗੁਣ ਗਾਇਦਾ ॥੧੬॥

ਜਗਤ-ਰਚਨਾ ਦੇ ਕਰਤੇ ਦੀਆਂ ਨਿਸ਼ਾਨੀਆਂ ਦਾ ਵਰਨਣ ਕਰਦੇ ਹੋਏ ਗੁਰਦੇਵ ਜੀ ਫ਼ਰਮਾਉਂਦੇ ਹਨ—

ਅਲਖ ਅਪਾਰ ਅਗੰਮ ਅਗੋਚਰ, ਨਾ ਤਿਸੁ ਕਾਲੁ ਨ ਕਰਮਾ ।।
ਜਾਤਿ ਅਜਾਤਿ ਅਜੋਨੀ ਸੰਭਉ, ਨਾ ਤਿਸੁ ਭਾਉ ਨ ਭਰਮਾ ॥੧॥
ਸਾਚੇ ਸਚਿਆਰ ਵਿਟਹੁ ਕੁਰਬਾਣੁ ॥
ਨਾ ਤਿਸੁ ਰੂਪ ਵਰਨੁ ਨਹੀ ਰੇਖਿਆ, ਸਾਚੈ ਸਬਦਿ ਨੀਸਾਣੁ ॥ਰਹਾਉ॥
ਨਾ ਤਿਸੁ ਮਾਤ ਪਿਤਾ ਸੁਤ ਬੰਧਪ, ਨਾ ਤਿਸੁ ਕਾਮੁ ਨ ਨਾਰੀ ॥
ਅਕੁਲ ਨਿਰੰਜਨ ਅਪਰ ਪਰੰਪਰੁ, ਸਗਲੀ ਜੋਤਿ ਤੁਮਾਰੀ ॥੨॥ (ਸੋਰਠਿ ਮ: ੧—ਪੰਨਾ ੫੯੭)
ਜਗੁ ਤਿਸ ਕੀ ਛਾਇਆ, ਜਿਸੁ ਬਾਪੁ ਨ ਮਾਇਆ ॥
ਨਾ ਤਿਸੁ ਭੈਣ ਨ ਭਰਾਉ ਕਮਾਇਆ ॥
ਨਾ ਤਿਸੁ ਓਪਤ ਖਪਤਿ ਕੁਲ ਜਾਤੀ, ਓਹੁ ਅਜਰਾਵਰੁ ਮਨਿ ਭਾਇਆ ॥੨॥ (ਪੰਨਾ ੧੦੩੮)

ਗੁਰਬਾਣੀ ਵਿਚ 'ਆਦਿ ਪੁਰਖ' ਨੂੰ 'ਅਜਨਮਾ-ਪੁਰਖੁ' ਦਰਸਾਇਆ ਹੈ । ਉਹ "ਆਪੀਨੈ੍ ਆਪਿ ਸਾਜਿਓ ਆਪੀਨੈ੍ ਰਚਿਓ ਨਾਉ ॥ ਦੁਯੀ ਕੁਦਰਤਿ ਸਾਜੀਐ, ਕਰਿ ਆਸਣੁ ਡਿਠੋ ਚਾਉ" ਦਾ ਪ੍ਰਤੀਕ ਹੈ । ਇਹ ਜਗਤ-ਕਰਤਾ ਦੇ ਖੰਡੀ ਬ੍ਰਹਮੰਡੀ ਪਸਾਰੇ ਦੇ ਮੁਢਲੇ ਦਰਸ਼ਨ ਹਨ । 'ਵਾਰ ਮਾਝ ਕੀ' ਵਿੱਚ ਵੀ ਗੁਰੂ ਬਾਬਾ ਜੀ ਦੇ ਅੰਮ੍ਰਿਤ ਬਚਨਾਂ ਤੋਂ ਅਜਿਹਾ ਹੀ ਚਾਨਣ ਮਿਲਦਾ ਹੈ :—

ਤੂੰ ਕਰਤਾ ਪੁਰਖੁ ਅਗੰਮੁ ਹੈ, ਆਪਿ ਸ੍ਰਿਸਟਿ ਉਪਾਤੀ ॥
ਰੰਗ ਪਰੰਗ ਉਪਾਰਜਨਾ, ਬਹੁ ਬਹੁ ਬਿਧਿ ਭਾਤੀ ॥
ਤੂੰ ਜਾਣਹਿ ਜਿਨਿ ਉਪਾਈਐ, ਸਭੁ ਖੇਲੁ ਤੁਮਾਤੀ......॥੧।(ਪੰਨਾ ੧੩੮)
ਤੁਧੁ ਆਪੇ ਜਗਤੁ ਉਪਾਇ ਕੈ ਤੁਧੁ ਆਪੇ ਧੰਧੈ ਲਾਇਆ......॥੨॥ (ਪੰਨਾ ੧੩੮)

ਸੋ ਵਿਗਿਆਨੀਆਂ ਦਾ ਪੁਰਖ ਤੇ ਪ੍ਰਕਿਰਤੀ ਨੂੰ ਅਨਾਦੀ ਮੰਨਣਾ ਗੁਰਮਤਿ ਦੇ ਅਨੁਸਾਰ ਨਹੀਂ । ਗੁਰਮਤਿ ਇਕ ਅਕਾਲ ਪੁਰਖ ਤੋਂ ਬਿਨਾਂ ਕਿਸੇ ਵਸਤ ਨੂੰ 'ਸਤਿ' ਤੇ ਅਨਾਦੀ ਨਹੀਂ ਮੰਨਦੀ, ਭਾਵੇਂ ਉਹ ਚੇਤੰਨ ਹੈ ਜਾਂ ਜੜ੍ਹ । ਵਿਚਾਰਨ ਯੋਗ ਗੱਲ ਇਹ ਹੈ ਕਿ ਜਦੋਂ ਇਕ ਤੋਂ ਬਿਨਾਂ ਕਿਸੇ ਵਸਤੂ ਦਾ ਨਾਮੋ ਨਿਸ਼ਾਨ ਹੀ ਨਹੀਂ ਸੀ ਤਾ ਉਸ ਤੋਂ ਬਿਨਾਂ ਹੋਰ ਕਿਹੜੀ ਸ਼ਕਤੀ ਸੀ ਜੋ ਦੂਜੀ ਵਸਤੂ ਨੂੰ ਹੋਂਦ ਵਿਚ ਲਿਆਉਣ ਦੇ ਸਮਰਥ ਸੀ । ਇਸ ਗੁੰਝਲ ਨੂੰ ਸੁੰਦਰ, ਸਰਲ ਤੇ ਸਪਸ਼ਟ ਸ਼ਬਦਾਂ ਵਿਚ ਗੁਰਬਾਣੀ ਨੇ ਖੋਲ੍ਹਿਆ ਹੈ :—

੧) ਹੁਕਮੀ ਹੋਵਨਿ ਆਕਾਰ, ਹੁਕਮੁ ਨ ਕਹਿਆ ਜਾਈ .... ॥੨॥
੨) ਕੀਤਾ ਪਸਾਉ ਏਕੋ ਕਵਾਉ ॥ ਤਿਸ ਤੇ ਹੋਏ ਲਖ ਦਰੀਆਉ..... ॥੧੬॥ (ਜਪੁਜੀ)
੩) ਉਤਪਤਿ ਪਰਲਉ ਸਬਦੇ ਹੋਵੈ ॥ ਸਬਦੇ ਹੀ ਫਿਰਿ ਓਪਤਿ ਹੋਵੈ ॥
ਗੁਰਮੁਖਿ ਵਰਤੈ ਸਭੁ ਆਪੇ ਸਚਾ, ਗੁਰਮੁਖਿ ਉਪਾਇ ਸਮਾਵਣਿਆ ॥੧॥ (ਪੰਨਾ ੧੧੭)
੪) ਆਪੇ ਸ੍ਰਿਸਟਿ ਹੁਕਮਿ ਸਭ ਸਾਜੀ ॥......੧॥ (ਪੰਨਾ ੫੬)

ਸੋ ਜਗਤ-ਰਚਨਾ ਨੂੰ ਪਉਣ, ਪਾਣੀ, ਅਗਨੀ ਆਦਿ ਤੱਤਾਂ ਦਾ ਮੂਲ ਮੰਨਣਾ ਭਾਰੀ ਭੁੱਲ ਹੈ, ਕਿਉਂਕਿ ਇਹ ਤੱਤ ਤਾਂ ਆਪ ਹੀ ਪਰਮ-ਤੱਤ (ਸਿਰਜਨਹਾਰ) ਦੇ ਅਧੀਨ ਹਨ ਅਤੇ ਉਸ ਦੀ ਭਗਤੀ ਵਿਚ ਲੀਨ ਹਨ, ਜਿਵੇਂ ਕਿ—

ੳ) ਪਉਣੁ ਪਾਣੀ ਬੈਸੰਤਰੋ, ਹੁਕਮਿ ਕਰਹਿ ਭਗਤੀ ॥ (ਪੰਨਾ ੯੪੮)
ਅ) ਸਿਮਰੈ ਧਰਤੀ ਅਰੁ ਆਕਾਸਾ ॥ ਸਿਮਰਹਿ ਚੰਦ ਸੂਰਜ ਗੁਣਤਾਸਾ ॥


www.AKJ.Org

ਪਉਣ ਪਾਣੀ ਬੈਸੰਤਰ ਸਿਮਰਹਿ, ਸਿਮਰੈ ਸਗਲ ਉਪਾਰਜਨਾ ॥੧॥ (ਪੰਨਾ ੧੦੭੮-੭੯)

ਗੁਰਬਾਣੀ ਵਿੱਚ ਕਈ ਅਜਿਹੇ ਵਾਕ ਹਨ ਜਿਨ੍ਹਾਂ ਦਾ ਦਰਸ਼ਨ ਕਰ ਕੇ, ਬਿਨਾਂ ਵੀਚਾਰੇ, ਕਈ ਪਾਠਕ ਭਰਮ-ਭੁਲੇਖੇ ਵਿਚ ਪੈ ਜਾਂਦੇ ਹਨ; ਜਿਵੇਂ :—

ੳ) ਸਾਚੇ ਤੇ ਪਵਨਾ ਭਇਆ, ਪਵਨੈ ਤੇ ਜਲੁ ਹੋਇ ॥
ਜਲ ਤੇ ਤ੍ਰਿਭਵਣੁ ਸਾਜਿਆ, ਘਟਿ ਘਟਿ ਜੋਤਿ ਸਮੋਇ ......॥੩॥ (ਪੰਨਾ ੧੯)

ਅ) ਬਿੰਦੁ ਰਕਤੁ ਮਿਲਿ ਪਿੰਡੁ ਸਰੀਆ ॥ ਪਉਣੁ ਪਾਣੀ ਅਗਨੀ ਮਿਲਿ ਜੀਆ ॥
ਆਪੇ ਚੋਜ ਕਰੇ ਰੰਗ ਮਹਲੀ, ਹੋਰ ਮਾਇਆ ਮੋਹ ਪਸਾਰਾ ਹੇ ॥੪॥ (ਪੰਨਾ ੧੦੨੬)

ੲ) (ਪ੍ਰਸ਼ਨ) ਕਿਤੁ ਕਿਤੁ ਬਿਧਿ ਜਗੁ ਉਪਜੈ ਪੁਰਖਾ, ਕਿਤੁ ਕਿਤੁ ਦੁਖਿ ਬਿਨਸਿ ਜਾਈ ॥
(ਉਤਰ) ਹਉਮੈ ਵਿਚਿ ਜਗੁ ਉਪਜੈ ਪੁਰਖਾ, ਨਾਮਿ ਵਿਸਰਿਐ ਦੁਖੁ ਪਾਈ ॥੬੮॥
(ਸਿਧ ਗੋਸਟਿ—ਪੰਨਾ ੯੪੬)

ਸ) ਪਉਣੁ ਪਾਣੀ ਸੁੰਨੈ ਤੇ ਸਾਜੇ......॥੨॥ (ਪੰਨਾ ੧੦੩੭)

ਅਜਿਹੀਆਂ ਪੰਕਤੀਆਂ ਦਾ ਡੂੰਘਾ ਅਧਿਐਨ ਕੀਤੇ ਬਿਨਾਂ ਕਈ ਪਾਠਕ ਟਪਲਾ ਖਾ ਕੇ ਇਨ੍ਹਾਂ ਪੰਗਤੀਆਂ ਦਾ ਸਵੈ-ਵਿਰੋਧੀ ਵਿਚਾਰ ਸਮਝਣ ਲਗ ਪੈਂਦੇ ਹਨ। ਉਹ ਇਸ ਤੱਥ ਨੂੰ ਅਖੋਂ ਓਹਲੇ ਕਰ ਦਿੰਦੇ ਹਨ ਕਿ ਹਰ ਸ਼ਬਦ ਦੇ ਅਰਥ ਪ੍ਰਕਰਣ ਅਨੁਸਾਰ ਹੁੰਦੇ ਹਨ । ਅਸਲ ਵਿੱਚ ਤ੍ਰਿਕਾਲ-ਦਰਸੀ ਸਤਿਗੁਰੂ ਸਾਹਿਬਾਨ ਨੇ ਲੁਕਾਈ ਨੂੰ ਸਮਝਾਉਣ ਹਿਤ ਕਈ ਮਤ-ਮਤਾਂਤਰਾਂ ਦੇ ਵਿਚਾਰਾਂ ਨੂੰ ਦ੍ਰਿਸ਼ਟਾਂਤ ਰੂਪ ਵਿੱਚ ਦੇ ਕੇ ਅੰਤ ਵਿੱਚ ਸਚਾਈ ਨੂੰ ਪ੍ਰਗਟ ਕੀਤਾ ਹੁੰਦਾ ਹੈ, ਪਰ ਅਸੀਂ ਉਨ੍ਹਾਂ ਦ੍ਰਿਸ਼ਟਾਂਤਾਂ ਨੂੰ ਵੀ ਸਤਿਗੁਰੂ ਜੀ ਦਾ ਆਪਣਾ ਵਿਚਾਰ ਸਮਝ ਲੈਂਦੇ ਹਾਂ । ਜੇ ਅਸੀਂ ਸਾਂਖ ਜਾਂ ਪਤੰਜਲੀ ਆਦਿ ਸ਼ਾਸਤਰਾਂ ਦਾ ਅਧਿਐਨ ਕੀਤਾ ਹੋਵੇ ਤਾਂ ਝੱਟ ਸਮਝ ਆ ਜਾਵੇਗੀ ਕਿ ਇਹ ਗੁਰੂ ਸਾਹਿਬ ਦੇ ਆਪਣਾ ਵਿਚਾਰ ਨਹੀਂ, ਆਨ ਮੱਤਾਂ ਮਤਾਂਤਰਾਂ ਦੇ ਹਨ।

ਸਨਾਤਨੀ ਖ਼ਿਆਲਾਂ ਵਾਲੇ ਲੋਕ ਤਾਂ ਬ੍ਰਹਮਾ ਨੂੰ ਹੀ ਸ੍ਰਿਸ਼ਟੀ ਦਾ ਕਰਤਾ ਦੱਸਦੇ ਹਨ। ਉਹ ਇਹ ਵੀ ਕਹਿੰਦੇ ਹਨ ਕਿ ਜਦੋਂ ਬ੍ਰਹਮਾ ਵੇਦਾਂ ਦਾ ਉਚਾਰਨ ਕਰਨ ਲੱਗਾ ਤਾਂ ਸਭ ਤੋਂ ਪਹਿਲਾਂ ਉਸ ਦੇ ਮੂੰਹੋਂ 'ਓਅਮ' ਸ਼ਬਦ ਨਿਕਲਿਆ, ਜੋ ਕਿ ਮੂਲ ਮੰਗਲ ਰੂਪ ਵਿਚ ਹੈ। ਇਸ ਵਿਚਾਰ ਅਧੀਨ ਹੀ ਉਹ ਉਪਰੋਕਤ ਸ਼ਬਦ ਤੋਂ ਸ੍ਰਿਸ਼ਟੀ ਦੀ ਕਲਪਨਾ ਮੰਨੀ ਜਾਂਦੇ ਹਨ। 'ਓਅਮ' ਤੋਂ ਭਾਵ ਉਕਾਰ, ਅਕਾਰ, ਮਕਾਰ ਅਥਵਾ ਬ੍ਰਹਮਾ, ਵਿਸ਼ਨ ਤੇ ਸ਼ਿਵ ਜੀ ਲੈਂਦੇ ਹਨ। ਇਨ੍ਹਾਂ ਤਿੰਨਾਂ ਸ਼ਕਤੀਆਂ ਨੂੰ ਹੀ 'ਬ੍ਰਹਮ' ਦਾ ਨਾਉਂ ਦਿੱਤਾ ਜਾਂਦਾ ਹੈ। ਪਰ ਸਿੱਖ ਧਰਮ 'ਓਅਮ' ਸ਼ਬਦ ਨੂੰ ਓਅੰਕਾਰ ਦਾ ਸੂਚਕ ਹੀ ਨਹੀਂ ਮੰਨਦਾ, ਕਿਉਂਕਿ 'ਓਅੰਕਾਰ' (ਅਕਾਲ ਪੁਰਖ) ਨੇ ਤਾਂ ਆਪ ਬ੍ਰਹਮਾ ਦੀ ਉਤਪਤੀ ਕੀਤੀ ਹੈ—"ਓਅੰਕਾਰਿ ਬ੍ਰਹਮਾ ਉਤਪਤਿ' ॥ (ਪੰਨਾ ੯੨੯)

ਫਿਰ ਬੇਓੜਕ ਰਚਨਾ ਦੀ ਸਿਰਜਨਾ ਵਿੱਚ ਇਕ ਬ੍ਰਹਮਾ ਹੀ ਨਹੀਂ, ਕ੍ਰੋੜਾਂ ਹੀ ਬ੍ਰਹਮੇ ਲੱਗੇ ਹੋਏ ਹਨ :—

ਕੋਟਿ ਮਹੇਸ ਉਪਾਇ ਸਮਾਏ ॥ ਕੋਟਿ ਬ੍ਰਹਮੇ ਜਗੁ ਸਾਜਣ ਲਾਏ ॥੧॥ (ਪੰਨਾ ੧੧੫੬)

ਕਾਲ ਪੁਰਖ ਕੀ ਦੇਹਿ ਮੋ ਕੋਟਿਕ ਬਿਸਨ ਮਹੇਸ ॥
ਕੋਟਿ ਇੰਦ੍ਰ ਬ੍ਰਹਮਾ ਕਿਤੇ, ਰਵਿ ਸਸਿ ਕੋਟ ਜਲੇਸ ॥
[ਦਸਮ ਗ੍ਰੰਥ, ਬ੍ਰਹਮਾ ਅਵਤਾਰ (ਸ੍ਰੀ ਭਗਉਤੀ ਜੀ ਸਹਾਇ)

ਜਿਹੜੇ ਲੋਕ ਬ੍ਰਹਮਾ ਨੂੰ ਸ੍ਰਿਸ਼ਟੀ ਦਾ ਕਰਤਾ ਮੰਨਦੇ ਹਨ ਉਹ ਭੁੱਲਦੇ ਹਨ, ਕਿਉਂਕਿ ਉਨ੍ਹਾਂ ਨੂੰ ਬ੍ਰਹਮਾ ਦੀ ਜੀਵਨੀ ਬਾਰੇ ਗਿਆਨ ਹੀ ਨਹੀਂ, ਜਿਸ ਦੇ ਦਰਸ਼ਨ ਗੁਰਬਾਣੀ ਵਿੱਚੋਂ ਇਉਂ ਹੁੰਦੇ ਹਨ :—

ਬ੍ਰਹਮੈ ਗਰਬੁ ਕੀਆ ਨਹੀ ਜਾਨਿਆ ॥ ਬੇਦ ਕੀ ਬਿਪਤਿ ਪੜੀ ਪਛੁਤਾਨਿਆ ॥੧॥ (ਪੰਨਾ ੨੨੪)

ਹੋਰ— ਪ੍ਰਥਮੈ ਬ੍ਰਹਮਾ ਕਾਲੈ ਘਰਿ ਆਇਆ ॥੧॥ (ਪੰ: ੨੨੭)



www.AKJ.Org

ਗੁਰਬਾਣੀ ਅਨੁਸਾਰ 'ਓਅੰਕਾਰ' ਦੇ ਅਰਥ ਕੇਵਲ ਧੁਨੀ (ਆਵਾਜ਼) ਹੀ ਨਹੀਂ, ਕਰਤਾ ਪੁਰਖ ਅਥਵਾ ਅਕਾਲ ਪੁਰਖ ਵੀ ਹਨ**। ਕਈ ਖੋਜੀਆਂ ਦਾ ਵਿਚਾਰ ਹੈ ਕਿ ਗੁਰੂ ਸਾਹਿਬ ਦਾ, ਸ਼ਬਦ ਅਤੇ ਹੁਕਮ ਨਾਲ ਜਗਤ ਦੀ ਰਚਨਾ ਦਾ ਹੋਂਦ ਵਿੱਚ ਦਰਸਾਉਣਾ ਕੋਈ ਨਵਾਂ ਵਿਚਾਰ ਨਹੀਂ, ਇਹ ਤਾਂ ਪੱਛਮੀ ਵਿਦਵਾਨਾਂ, ਅਤੇ ਵੇਦਾਂ ਦੇ ਖ਼ਿਆਲਾਂ ਦੀ ਨਕਲ ਹੈ, ਪਰ ਸਚਾਈ ਇਹ ਹੈ ਕਿ ਬਾਕੀ ਧਰਮਾਂ ਦੇ ਵੀਚਾਰ ਮਿਲਗੋਭਾ ਹਨ, ਸਪਸ਼ਟ ਨਹੀਂ, ਜਦੋਂ ਕਿ ਗੁਰੂ ਜੀ ਗਜ-ਵੱਜ ਕੇ ਪ੍ਰਗਟ ਕਰਦੇ ਹਨ ਕਿ—

ਸੁੰਨ ਸਮਾਧਿ ਰਹਹਿ ਲਿਵ ਲਾਗੇ, ਏਕਾ ਏਕੀ ਸਬਦੁ ਬੀਚਾਰ ॥
ਜਲੁ ਥਲੁ ਧਰਣਿ ਗਗਨੁ ਤਹ ਨਾਹੀ, ਆਪੇ ਆਪਿ ਕੀਆ ਕਰਤਾਰ ॥੨॥ (ਪੰਨਾ ੫੦੩)

'ਪਿਤਾ ਕਾ ਜਨਮੁ ਕਿ ਜਾਨੈ ਪੂਤੁ'* ਅਨੁਸਾਰ ਜਗਤ-ਰਚਨਾ ਦੇ ਆਦਿ ਬਾਰੇ ਕਿਸੇ ਨੂੰ ਵੀ ਠੀਕ ਜਾਣਕਾਰੀ ਨਹੀਂ; ਕੋਈ ਵੱਡੇ ਤੋਂ ਵੱਡਾ ਬਲੀ ਤੇ ਵਲੀ ਵੀ ਨਹੀਂ ਥਹੁ ਲਾ ਸਕਿਆ। ਅਸੀਂ ਹਰ ਰੋਜ਼ ਜਪੁਜੀ ਦੇ ਪਾਠ ਵਿੱਚ ਗੁਰੂ ਜੀ ਦਾ ਸਪਸ਼ਟੀਕਰਨ ਪੜ੍ਹਦੇ ਹਾਂ—

ਵੇਲ ਨ ਪਾਈਆ ਪੰਡਤੀ ਜਿ ਹੋਵੈ ਲੇਖੁ ਪੁਰਾਣੁ ॥
ਵਖਤੁ ਨ ਪਾਇਓ ਕਾਦੀਆ, ਜਿ ਲਿਖਨਿ ਲੇਖੁ ਕੁਰਾਣੁ ॥
ਥਿਤਿ ਵਾਰੁ ਨਾ ਜੋਗੀ ਜਾਣੈ, ਰੁਤਿ ਮਾਹੁ ਨਾ ਕੋਈ ॥
ਜਾ ਕਰਤਾ ਸਿਰਠੀ ਕਉ ਸਾਜੇ, ਆਪੇ ਜਾਣੈ ਸੋਈ ॥...੨੧॥

**ਓਅੰਕਾਰਿ ਬ੍ਰਹਮਾ ਉਤਪਤਿ ॥ ਓਅੰਕਾਰੁ ਕੀਆ ਜਿਨਿ ਚਿਤਿ......॥੧॥ (ਪੰ. ੯੨੯)
ਓਅੰਕਾਰਿ ਸਭ ਸ੍ਰਿਸਟਿ ਉਪਾਈ......॥੨॥ (ਪੰ: ੧੦੬੧)
*ਸੁਖਮਨੀ ਸਾਹਿਬ ੧੫—੩, (ਪੰਨਾ ੨੮੪)

---

# ਅੰਮ੍ਰਿਤ

[ਭਾਈ ਸਾਹਿਬ ਭਾਈ ਵੀਰ ਸਿੰਘ ਜੀ]

ਹਰੇਕ ਸਿਖ ਨੂੰ ਅੰਮ੍ਰਿਤ ਛਕਣਾ ਜ਼ਰੂਰੀ ਹੈ। ਬਿਨਾਂ ਅੰਮ੍ਰਿਤ ਛਕੇ ਦੇ ਕੋਈ ਪੁਰਖ ਸਿੰਘ ਨਹੀਂ ਕਹਾ ਸਕਦਾ। ਜਿਸ ਪ੍ਰਕਾਰ ਵਿਆਹ ਨਾਲ ਇਸਤ੍ਰੀ ਕਰਤਾ ਦੀ ਅਰਧੰਗੀ ਬਣਦੀ ਹੈ, ਇਸੀ ਪ੍ਰਕਾਰ ਅੰਮ੍ਰਿਤ ਛਕਣੇ ਤੇ ਪੁਰਖ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਆਤਮਕ ਪੁਤਰ ਬਣ ਕੇ, ਉਨ੍ਹਾਂ ਦੇ ਬਖਸ਼ੇ ਹੋਏ ਆਤਮਕ ਤੇ ਸਰੀਰਕ ਬਲ ਨੂੰ ਪ੍ਰਾਪਤ ਕਰ ਕੇ ਜਗਤ ਵਿਚ ਪਰਉਪਕਾਰੀ ਜੀਵਨ ਬਤੀਤ ਕਰਦਾ ਤੇ ਅੰਤ ਨੂੰ ਸਚਖੰਡ ਵਿਚ ਨਿਵਾਸ ਪਾਉਂਦਾ ਹੈ। ਅੰਮ੍ਰਿਤ ਦੀ ਸ਼ਕਤੀ ਪਰਤੱਖ ਵਿਦਤ ਹੈ ਕਿ ਕਮਜ਼ੋਰ ਤੇ ਧਰਮ-ਹੀਨ ਪਰਜਾ ਵਿਚੋਂ ਇਸੇ ਦੀ ਸ਼ਕਤੀ ਨਾਲ ਗੁਰੂ ਜੀ ਨੇ ਬਹਾਦਰ ਤੇ ਧਰਮੀ ਖਾਲਸਾ ਸਜਾਇਆ। ਇਸੇ ਦੇ ਅਸਰ ਨਾਲ ਚਿੜੀਆਂ ਨੇ ਬਾਜ ਤੋੜੇ, ਇਸੇ ਦੇ ਅਸਰ ਨਾਲ ਵੀਹ ਵੀਹ ਆਦਮੀਆਂ ਨੇ ਹਜ਼ਾਰਾਂ ਦੇ ਮੂੰਹ ਮੋੜੇ, ਇਸੇ ਦੇ ਅਸਰ ਨਾਲ ਚੋਰਾਂ ਨੇ ਚੋਰੀਆਂ ਤੇ ਵਿਸ਼ਈਆਂ ਨੇ ਵੈਲਦਾਰੀਆਂ ਦਾ ਤਿਆਗ ਕਰ ਕੇ ਧਰਮ ਗ੍ਰਹਿਣ ਕੀਤਾ। ਇਸ ਦੇ ਅਸਰ ਨੂੰ ਫ਼ੌਜੀ ਅੰਗਰੇਜ਼ਾਂ ਨੇ ਮੰਨਿਆ ਅਰ ਹਰ ਸਿੰਘ ਸਿਪਾਹੀ ਵਾਸਤੇ ਇਸ ਨੂੰ ਜ਼ਰੂਰੀ ਰਖਿਆ।

ਅੰਮ੍ਰਿਤ ਛਕਣ ਤੇ ਪੁਰਖ ਨੂੰ ਸ੍ਵਧਰਮ ਦੀ ਸੂਝ ਆਉਂਦੀ ਹੈ, ਅਰ ਗੁਰੂ ਦੀ ਸਹਾਇਤਾ ਨਾਲ ਪਾਪਾਂ ਦੀ ਮੈਲ ਦੂਰ ਹੁੰਦੀ ਹੈ।

["ਖਾਲਸੇ ਦੀ ਨੀਂਦ" ਵਿਚੋਂ



www.AKJ.Org

# ਛੋਡੀਲੇ ਪਾਖੰਡਾ

[ਪ੍ਰੋ: ਬਲਵਿੰਦਰਪਾਲ ਸਿੰਘ ਜੀ, ਗੁਰੂ ਗੋਬਿੰਦ ਸਿੰਘ ਜਟੱਡੀ ਸਰਕਲ, ਲੁਧਿਆਣਾ]

ਪਾਖੰਡ ਜਾਂ ਭੇਖ ਉਸੇ ਚੀਜ਼ ਦਾ ਹੀ ਹੋ ਸਕਦਾ ਹੈ ਜਿਸ ਪ੍ਰਤੀ ਲੋਕਾਂ, ਸਰੋਤਿਆਂ ਜਾਂ ਦਰਸ਼ਕਾਂ ਵਿਚ ਸਤਿਕਾਰ, ਮਾਣ ਤੇ ਕੋਈ ਵਿਸ਼ੇਸ਼ ਭਾਵਨਾ ਬਣੀ ਹੋਈ ਹੋਵੇ। ਚੰਗੀ ਵਸਤੂ, ਭਲੇ ਕੰਮ, ਪਵਿੱਤਰ ਤੇ ਧਾਰਮਿਕ ਹੋਣ ਆਦਿ ਦਾ ਭੁਲੇਖਾ ਪਾ ਕੇ ਹੀ ਭੋਲੇ ਭਾਲੇ ਲੋਕਾਂ, ਸ਼ਰਧਾਲੂਆਂ ਤੇ ਇੱਥੋਂ ਤੱਕ ਕਿ ਰੱਬ ਦੀ ਵੀ ਗ਼ਲਤ ਵਰਤੋਂ ਕਰਨ ਦਾ ਯਤਨ ਕੀਤਾ ਜਾਂਦਾ ਹੈ।

"ਲੋਗਨ ਰਾਮ ਖਿਲਉਨਾ ਜਾਨਾਂ॥"(੧੧੫੮) ਅਨੁਸਾਰ, ਸਰਬ-ਸ਼ਕਤੀਮਾਨ ਅੰਤਰਜਾਮੀ ਅਕਾਲ ਪੁਰਖ ਨੂੰ ਇਹ ਵਿਚਾਰਾ 'ਚਾਤਰ ਮਨੁੱਖ' ਆਪਣੀ ਸਮਝ ਅਧੀਨ ਕਰ ਲੈਣ ਦੀਆਂ ਯੋਜਨਾਵਾਂ ਬਣਾਉਂਦਾ ਰਹਿੰਦਾ ਹੈ। ਇਹ ਕਦੀ ਮੁੱਠੀ ਵਿਚ ਰੱਬ ਦਸਦਾ ਹੈ, ਕਦੇ ਦੋ ਤਲੀਆਂ ਦੇ ਵਿਚਕਾਰ ਰੱਬ ਹੋਣ ਦਾ ਭੁਲੇਖਾ ਪਾਉਂਦਾ ਹੈ, ਕਦੇ ਹਨੇਰੇ ਕਮਰੇ ਅੰਦਰ ਤੇਜ਼ ਰੌਸ਼ਨੀ ਨਾਲ ਅੱਖਾਂ ਚੁੰਧਿਆ ਦੇਣ ਨੂੰ 'ਰੂਹਾਨੀ ਮੇਲਾ' ਕਹਿੰਦਾ ਹੈ। ਕਈ ਰੱਬੀ ਦਰਸ਼ਨਾਂ ਦੀ ਇਜਾਰੇਦਾਰੀ (Monopoly) ਬਣਾਈ ਬੈਠੇ ਹਨ ਤੇ ਦਾਅਵੇ ਕਰਦੇ ਹਨ ਕਿ "ਇਲਾਹੀ ਨੂਰ" ਤੇ "ਰੂਹਾਨੀ ਰਮਜ਼ਾਂ" ਦੀ ਏਜੰਸੀ ਕੇਵਲ ਉਨ੍ਹਾਂ ਕੋਲ ਹੀ ਹੈ।

ਹਰ ਇੱਕ ਪਖੰਡੀ, ਪਖੰਡੀਆਂ ਦੀ ਪ੍ਰਤੀਯੋਗਤਾ ਵਿਚ ਸਫਲ ਹੋਣ ਲਈ ਵੱਧ ਤੋਂ ਵੱਧ ਮਸ਼ਹੂਰੀ ਤੇ ਇਸ਼ਤਿਹਾਰ-ਬਾਜ਼ੀ ਕਰਦਾ ਹੈ, ਤੇ ਲੋਕਾਂ ਵਿਚ ਵੱਧ ਤੋਂ ਵੱਧ ਵਿਸ਼ਵਾਸ ਪੈਦਾ ਕਰ ਲੈਣ ਲਈ ਉਤਾਵਲਾ ਰਹਿੰਦਾ ਹੈ।

ਬਾਬੇ ਬਕਾਲੇ ਵਿਖੇ ਸੱਚੇ ਗੁਰੂ ਦੇ ਮੁਕਾਬਲੇ ਤੇ ੨੨ ਮੰਜੀਆਂ ਡਾਹ ਕੇ ਬੈਠਣ ਵਾਲਿਆਂ ਦੀ ਨਸਲ ਅਜੇ ਖ਼ਤਮ ਨਹੀਂ ਹੋਈ, ਸਗੋਂ ਇਸ ਵਿਚ ਵਾਧਾ ਜ਼ਰੂਰ ਹੋਇਆ ਹੈ।

ਇਹ ਗੱਲ ਬਿਲਕੁਲ ਸਪਸ਼ਟ ਹੈ ਕਿ ਜਿਹੜਾ ਸੰਤ, ਮਹਾਂ ਪੁਰਸ਼, ਸੰਗਤ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਨਾਲ ਜੋੜਦਾ ਹੈ, ਗੁਰਬਾਣੀ ਦੀ ਓਟ ਤੇ ਆਸਰਾ ਲੈਣ ਲਈ ਪ੍ਰੇਰਦਾ ਹੈ, ਉਹ ਹੀ ਭਲਾ ਹੈ, ਸਤਿਕਾਰ ਯੋਗ ਹੈ, ਪਰ ਜਿਹੜਾ ਨਿੱਜੀ ਵਡਿਆਈ ਕਾਇਮ ਕਰਨ, ਐਸ਼ੋ ਆਰਾਮ ਦਾ ਜੀਵਨ ਗੁਜ਼ਾਰਨ ਤੇ ਇੱਕ ਚੰਗੇ ਕਾਰੋਬਾਰ ਦੀ ਤਰ੍ਹਾਂ ਸਿੱਖੀ ਸੇਵਕੀ ਦਾ ਅਡੰਬਰ ਰਚਦਾ ਹੈ, ਉਹ ਸੋਧਣਯੋਗ ਹੈ, ਨੀਵੀਂ ਪੱਧਰ ਦਾ ਮਨੁੱਖ ਹੈ, ਸੰਤ ਨਹੀਂ। ਅਜਿਹੇ ਪਖੰਡੀਆਂ ਤੋਂ ਆਪ ਬੱਚਣ ਤੇ ਹੋਰਨਾਂ ਨੂੰ ਸੁਚੇਤ ਕਰਨ ਦੀ ਲੋੜ ਹੈ।

"ਸਰਬ ਧਰਮ ਮਹਿ ਸ੍ਰੇਸਟ ਧਰਮੁ॥ ਹਰਿ ਕੋ ਨਾਮੁ ਜਪਿ ਨਿਰਮਲ ਕਰਮੁ॥" (੨੬੬)

'ਧਰਮ' ਦੀ ਸਰਵੋਤਮ ਪ੍ਰੀਭਾਸ਼ਾ ਹੈ: ਹਰੀ ਨਾਮ ਜਪਣਾ ਤੇ "ਨਾਮਿ ਲਇਐ ਜਾਹਿ ਤਰੰਦਾ" (੪੭੧) ਅਧਿਆਤਮਕ ਕਰਮ ਹੈ। ਮੈਲ ਤੋਂ ਰਹਿਤ ਕੰਮ ਕਰਨੇ ਧਰਮ ਦਾ ਜ਼ਰੂਰੀ ਅੰਗ ਹੈ।

ਕਰਮ ਖੇਤਰ ਸਮਾਜ ਵਿਚ ਰਹਿੰਦਿਆਂ, 'ਨਿਰਮਲ ਕਰਮ' ਕਰਨ ਵਲੋਂ ਮੂੰਹ ਮੋੜਨਾ, ਧਰਮ ਵਲੋਂ ਮੂੰਹ ਮੋੜਨ ਸਮਾਨ ਹੈ। ਨਿਰਮਲ ਤੇ ਪਵਿੱਤਰ ਕੰਮਾਂ ਦੀ ਪਛਾਣ ਵਿਚ ਵੀ ਮਨੁੱਖ ਭੁਲੇਖਾ ਖਾ ਜਾਂਦਾ ਹੈ। ਇਥੇ ਪ੍ਰਮਾਣ ਵਜੋਂ ਉਸ ਔਰਤ ਦਾ ਜ਼ਿਕਰ ਕੀਤਾ ਜਾ ਸਕਦਾ ਹੈ ਜੋ ਆਪਣੇ ਚੋਰੀ ਹੋਏ ਚਾਰ ਸੁਨਹਿਰੀ ਕੰਗਣਾਂ ਦੀ ਭਾਲ ਵਿਚ ਅਰਦਾਸ ਕਰਨ ਲਈ ਜਦੋਂ ਕਿਸੇ ਧਾਰਮਕ ਅਸਥਾਨ ਤੇ ਜਾਂਦੀ ਹੈ ਤਾਂ ਕੀ ਦੇਖਦੀ ਹੈ ਕਿ ਚੋਰ ਪਹਿਲਾਂ ਹੀ ਦੋ ਸੁਨਹਿਰੀ ਕੰਗਣ ਓਥੇ ਭੇਟ ਚੜ੍ਹਾ ਗਿਆ ਹੈ। ਔਰਤ ਦੁਬਿਧਾ ਵਿਚ ਪੈ ਜਾਂਦੀ ਹੈ।

ਕਿਸੇ ਗੁਰਦੁਆਰੇ, ਮੰਦਰ ਜਾਂ ਮਸਜਿਦ ਵਿਚ ਸੰਗਮਰਮਰ ਦੀਆਂ ਸਿਲਾਂ ਦਾਨ ਕਰਨ ਜਾਂ ਸੋਨੇ ਦੇ ਕਲਸ ਚੜ੍ਹਾ ਦੇਣ ਨਾਲ ਹੀ ਨਿਰਮਲ ਕਰਮ ਸੰਪੂਰਨ ਨਹੀਂ ਹੋ ਜਾਂਦੇ।

—ਕਬੀਰ ਕਸਉਟੀ ਰਾਮ ਕੀ ਝੂਠਾ ਟਿਕੈ ਨਾ ਕੋਇ॥

[ਬਾਕੀ ਦੇਖੋ ਸਫ਼ਾ ੨੫ ਦੇ ਹੇਠ]



www.AKJ.Org

# ਗਜ਼ਨੀ ਦੇ ਬਜ਼ਾਰਾਂ ਦੀ ਕਹਾਣੀ

ਮੁਗਲ ਹਮਲਾਵਰਾਂ ਵਲੋਂ ਹਿੰਦੂਆਂ ਦਾ ਦਿਲ ਸਾੜਨਾ ਇਕ ਤੁੱਛ ਗੱਲ ਹੋਇਆ ਕਰਦੀ ਸੀ। ਜਿਗਰ ਦੇ ਟੁਕੜਿਆਂ ਬਹੂ ਬੇਟੀਆਂ ਨੂੰ ਰੋਂਦਿਆਂ ਕੁਰਲਾਂਦਿਆਂ ਬਦੋ ਬਦੀ ਖੋਹ ਕੇ ਲੈ ਜਾਇਆ ਕਰਦੇ ਸਨ। ਹੋਰ ਕਈ ਉਪੱਦ੍ਰ ਕੀਤੇ, ਇਹਨਾਂ ਦੇ ਆਪਣੇ ਮਵੱਰਖ਼ (ਲਿਖਣ ਵਾਲੇ) ਦਸਦੇ ਸਨ, ਕਿ ਲੱਖ ਲੱਖ ਹਿੰਦੂ ਬੱਚਿਆਂ ਤੇ ਇਸਤ੍ਰੀਆਂ ਸਮੇਤ ਇਕੱਠ ਕਰਕੇ ਗਾਜਰ ਮੂਲੀ ਵਾਂਗ ਕਤਲ ਕਰਾ ਦਿਤੇ, ਹਜ਼ਾਰਾਂ ਲਖਾਂ ਆਪਣੇ ਦੇਸ਼ਾਂ ਵਿਚ ਲਿਜਾ ਕੇ ਦੋ ਦੋ ਰੁਪਏ ਤੇ (ਬੱਕਰੀ ਜਾਂ ਲੇਲਾ ਵੀ ਲੈਣ ਜਾਉ ਤਾਂ ਇਸ ਮੁੱਲ ਤੇ ਨਾ ਮਿਲੇਗਾ) ਬਜ਼ਾਰਾਂ ਵਿਚ ਵੇਚਿਆ, ਇਸ ਤਰ੍ਹਾਂ ਬਲਕਿ ਇਸ ਤੋਂ ਵੀ ਵਧ ਕੇ ਅਨੇਕਾਂ ਹੀ ਜ਼ੁਲਮ ਕੀਤੇ। ਓੜਕ ਜਿਨ੍ਹਾਂ ਦੀ ਸ਼ਰਨੀ ਹਿੰਦੂ ਪਏ, ਜਿਨ੍ਹਾਂ ਨੇ ਜ਼ਾਲਮਾਂ ਦੇ ਹਥੋਂ ਛਡਾਇਆ, ਜਾਂ ਜਿਨ੍ਹਾਂ ਤੁਰਕਾਂ ਦਾ ਨਾਸ ਕੀਤਾ, ਕੌਣ ਸਨ ? ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਕਲਗੀਧਰ ਦਸਵੇਂ ਪਾਤਸ਼ਾਹ ਸਨ। ਜੋ ਸੰਸਾਰ ਵਿਚ ਖਾਲਸਾ ਧਰਮ ਪ੍ਰਗਟਾਵਣ ਦੀਨ ਰਖਛਾ ਤੇ ਜ਼ੁਲਮ ਦੇ ਨਾਸ ਲਈ ਅਵਤਾਰਧਾਰੀ ਹੋਏ ਸਨ। ਸਰਬੰਸ ਕੁਰਬਾਨ ਕਰ ਦਿਤਾ, ਆਪਣਾ ਅਰਾਮ ਕੁਰਬਾਨ ਕਰ ਦਿਤਾ, ਓਹ ਦੁਖ ਸਹੇ ਕਿ ਮੂੰਹੋਂ ਵਾਹਿਗੁਰੂ ਅਰ ਨੇਤ੍ਰਾਂ ਤੋਂ ਜਲ ਨਿਕਲ ਪੈਂਦਾ ਹੈ। ਆਪਣੀ ਮਹਾਂ ਪਯਾਰੀ ਕੌਮ ਦੇ ਬੜੇ ਬੜੇ ਸੂਰਬੀਰ ਬੜੇ ਬੜੇ ਜੋਧਾ ਸਿੰਘ ਸ਼ਹੀਦ ਹੋ ਗਏ, ਹੋਰ ਕਿਸੇ ਕੀ ਕਰ ਵਖੌਨਾ ਹੈ। ਪਾਠਕੋ ! ਜ਼ਾਹਰਾ ਗੱਲ ਹੈ ਆਪ ਰੋਜ਼ ਦੇਖਦੇ ਹੋ ਆਪਣੀ ਔਲਾਦ ਨੂੰ ਜਰਾ ਢਿਡ ਵਿਚ ਦਰਦ ਵੀ ਹੋ ਜਾਵੇ ਤਾਂ ਕਹੀਦਾ ਹੈ, ਸਾਰੀ ਕਮਾਈ ਜਾਇਦਾਦ ਕੋਈ ਲੈ ਲਵੇ ਪਰ ਅਰਾਮ ਕਰਾ ਦੇ, ਪਰ ਮਹਾਰਾਜ ਨੇ ਆਪਣੇ ਜਿਗਰ ਦੇ ਟੁਕੜਿਆਂ ਨੂੰ ਆਪਣੀਆਂ ਅਖੀਆਂ ਦੇ ਸਾਹਮਣੇ ਵੇਖਦਿਆਂ ਵੇਖਦਿਆਂ ਸ਼ਹੀਦ ਕਰਾ ਦਿਤਾ। ਗ਼ੈਰਤ ਚਾਹੀਦੀ ਹੈ ਉਨ੍ਹਾਂ ਸਿਖਾਂ ਨੂੰ ਜਿਹੜੇ ਆਪਣੇ ਐਸੇ ਸਤਿਗੁਰਾਂ ਤੋਂ ਬੇਮੁਖ ਹਨ। ਅਰ ਅਫਸੋਸ ਹੈ ਉਨ੍ਹਾਂ ਹਿੰਦੂਆਂ ਦੀ ਔਲਾਦ ਉਤੇ ਜਿਨ੍ਹਾਂ ਅਗੋਂ ਜੰਮ ਕੇ ਐਸੇ ਪਰਉਪਕਾਰੀ ਦਯਾਲੂ ਤੇ ਰਖਸ਼ਾ ਕਰਨ ਵਾਲੇ ਅਰ ਜ਼ੁਲਮ ਦੇ ਹਥੋਂ ਬਚਾਉਣ ਦੇ ਗੁਣਾਂ ਨੂੰ ਛਡ ਕੇ ਨਾਮ ਨੂੰ ਬੀ ਭੁਲਾ ਛਡਿਆ ਹੈ, ਨਾਮ ਛਡ ਦੁਸ਼ਮਨ ਹੋ ਰਹੇ ਹਨ। [ਖਾਲਸਾ ਸਮਾਚਾਰ, ੩੦ ਜੁਲਾਈ ੧੯੦੦

---

# 'ਸੂਰਾ' ਮਾਸਕ ਪੱਤਰ ਦੀ ਮਾਲਕੀ ਆਦਿ ਤੱਬਾਂ ਦਾ ਵੇਰਵਾ

ਫ਼ਾਰਮ ੪ (ਰੂਲ ੮)

| | |
|---|---|
| ੧. ਪ੍ਰਕਾਸ਼ਨ ਹੋਣ ਦੀ ਥਾਂ | ਅੰਮ੍ਰਿਤਸਰ |
| ੨. ਪ੍ਰਕਾਸ਼ਨ ਸਮਾਂ | ਮਾਸਕ ਪੱਤਰ |
| ੩-੪-੫ ਪ੍ਰਿੰਟਰ, ਪਬਲਿਸ਼ਰ, ਸੰਪਾਦਕ— ਨਾਂ, ਕੌਮੀਅਤ ਤੇ ਪਤਾ | ਸੇਵਾ ਸਿੰਘ, ਭਾਰਤੀ<br>ਕੂਚਾ ਚਤਰ ਸਿੰਘ, ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ |
| ੬. ਮਾਲਕ | ਅਖੰਡ ਕੀਰਤਨੀ ਜਥਾ<br>ਜਥੇਦਾਰ ਭਾਈ ਰਾਮ ਸਿੰਘ ਜੀ ਸੁਕੈਡਰਨ ਲੀਡਰ (ਰੀ:)<br>੧੦੨ ਰਾਣੀ ਕਾ ਬਾਗ, ਅੰਮ੍ਰਿਤਸਰ |

ਮੈਂ ਸੇਵਾ ਸਿੰਘ ਬਿਆਨ ਕਰਦਾ ਹਾਂ ਕਿ ਉਪਰੋਕਤ ਵੇਰਵਾ ਮੇਰੇ ਗਿਆਨ ਤੇ ਭਰੋਸੇ ਅਨੁਸਾਰ ਪੂਰੀ ਤਰ੍ਹਾਂ ਠੀਕ ਹੈ।

ਤਰੀਕ ੧-੩-੮੫ ਦਸਖ਼ਤ ਪਬਲਿਸ਼ਰ—ਸੇਵਾ ਸਿੰਘ



www.AKJ.Org

# ਮੇਰੀ ਅਣਖੀਲੀ ਕੌਮ

[ਸ: ਸੰਤਾ ਸਿੰਘ ਜੀ ਆਜਿਜ਼, ਲੁਧਿਆਣਾ]

ਐਸੀ ਅਣਖੀਲੀ ਕੌਮ ਸਾਜੀ ਦਸਮੇਸ਼ ਨੇ, ਜਿਹਨੂੰ ਨਹੀਂ ਪਛਾਣਿਆ ਅਭਾਗੇ ਮੇਰੇ ਦੇਸ਼ ਨੇ।
ਡੁਬਿਆ ਸਿਤਾਰਾ ਜਦੋਂ ਭਾਰਤੀ ਆਕਾਸ਼ ਦਾ, ਢੁਕਿਆ ਜਾਂ ਵੇਲਾ ਹਿੰਦੂ ਕੌਮ ਦੇ ਵਿਨਾਸ਼ ਦਾ।
ਜੰਞੂ ਟਿੱਕੇ ਤਾਈਂ ਦੀਨੀ-ਸ਼ਰਾਅ ਨੇ ਵੰਗਾਰਿਆ, ਮੰਦਰਾਂ ਨੂੰ ਢਾਇਆ ਤੇ ਮਸੀਤਾਂ ਨੂੰ ਉਸਾਰਿਆ।
ਮਾਣ ਮਤੇ ਗਾਜ਼ੀਆਂ ਦਾ ਨਾਅਰਾ ਬੇਹਿਜਾਬ ਸੀ, ਕਾਫ਼ਰਾਂ ਨੂੰ ਮਾਰਨਾ ਤੇ ਲੁਟਣਾ ਸੁਆਬ ਸੀ।
ਬੁਝ ਗਏ ਅਭਾਗੇ ਕਈਆਂ ਘਰਾਂ ਦੇ ਚਿਰਾਗ ਸਨ, ਲੁਟੇ ਪੁਟੇ ਗਏ ਮਹਿਲ ਮਾੜੀਆਂ ਤੇ ਬਾਗ ਸਨ।
ਮੌਤੋਂ ਡਰੇ ਪਾਂਡੇ ਨਸੇ ਆਏ ਕਸ਼ਮੀਰ ਤੋਂ, ਜ਼ਿੰਦਗੀ ਦੀ ਦਾਤ ਮਿਲੀ ਅਨੰਦਪੁਰੀ ਪੀਰ ਤੋਂ।
ਪੰਡਤਾਂ ਨਿਤਾਣਿਆਂ ਨੂੰ ਗੁਰਾਂ ਗਲ ਲਾ ਲਿਆ, ਦੇ ਕੇ ਬਲੀਦਾਨ ਜੰਞੂ ਟਿਕੇ ਨੂੰ ਬਚਾਅ ਲਿਆ।
ਟਕੇ ਟਕੇ ਵਿਕੀਆਂ ਸਨ ਹਿੰਦ ਦੀਆਂ ਨਾਰੀਆਂ, 'ਮੋੜੀਂ ਬਾਬਾ ਡਾਂਗ ਵਾਲੇ' ਕੂਕੀਆਂ ਵਿਚਾਰੀਆਂ।
ਤਦੋਂ ਦਸਮੇਸ਼ ਪਿਤਾ ਖਾਲਸਾ ਸੀ ਸਾਜਿਆ, ਦੀਨ ਹੀਨ ਹਿੰਦੂਆਂ ਨੂੰ ਖਾਲਸੇ ਨਿਵਾਜਿਆ।
ਅੰਮ੍ਰਿਤ ਪੀ ਅਮਰ ਹੋਇਆ ਛੁਟਾ ਜਮਕਾਲ ਤੋਂ, ਬਾਣੀ ਤੋਂ ਸਹਾਰਾ ਪਾਇਆ ਆਸਰਾ ਅਕਾਲ ਤੋਂ।
ਮੁਦਾ ਕੀ ਹਜ਼ਾਰਾਂ ਸਿੰਘ ਹੋਏ ਕੁਰਬਾਨ ਸਨ, ਤਾਹੀਉਂ ਬਚੇ ਰਹੇ ਗੀਤਾ, ਵੇਦ ਤੇ ਪੁਰਾਨ ਸਨ।
ਦੇਸ਼ ਕੌਮ ਉਤੋਂ ਪੰਥ ਰਿਹਾ ਜਾਨ ਵਾਰਦਾ, ਖੂਨੀ ਜਰਵਾਣਿਆਂ ਨੂੰ ਰਿਹਾ ਇਹ ਸਿੰਘਾਰਦਾ।
ਬੰਧਨ ਗ਼ੁਲਾਮੀਆਂ ਦੇ ਤੋੜੇ ਵਰਿਆਮ ਨੇ, ਹਿੰਦ ਨੂੰ ਬਚਾਇਆ ਪੰਥ ਸੂਰੇ ਸੁਲਤਾਨ ਨੇ।
ਹਿੰਦ ਦਾ ਸਿਤਾਰਾ ਮੁੜ ਚਾੜ੍ਹਿਆ ਆਕਾਸ਼ ਤੇ, ਉਸਰਿਆ ਆਜ਼ਾਦੀਆਂ ਦਾ ਕੋਟ ਇਹਦੀ ਲਾਸ਼ ਤੇ।
ਕੀਤੀਆਂ ਆਜ਼ਾਦੀਆਂ ਨੇ ਆਸਾਂ ਸਭੇ ਢੇਰੀਆਂ, ਮਾਣਮਤੇ ਹਾਕਮਾਂ ਨੇ ਅਜ ਅਖਾਂ ਫੇਰੀਆਂ।
ਜਿਹਨਾਂ ਨੇ ਆਜ਼ਾਦੀਆਂ ਦੇ ਘੁਲੇ ਕੋਈ ਘੋਲ ਨਹੀਂ, ਮੌਤ ਰੂਪੀ ਗੇਮ ਵਿਚ ਕੀਤਾ ਕੋਈ ਗੋਲ ਨਹੀਂ।
ਲਾਠੀਆਂ ਨਾ ਖਾਈਆਂ, ਨਾ ਸੀਨੇ ਵਿਚ ਗੋਲੀਆਂ, ਜੇਲ੍ਹਾਂ, ਭੁਖਾਂ, ਦੁਖਾਂ ਵਿਚ ਜਿੰਦਾਂ ਵੀ ਨਹੀਂ ਰੋਲੀਆਂ।
ਅਮੁਲੀਆਂ ਅਜ਼ਾਦੀਆਂ ਦਾ ਮੁਲ ਵੀ ਨਹੀਂ ਤਾਰਿਆ, ਦੇਸ਼ ਕੌਮ ਉਤੋਂ ਕੋਈ ਲਾਲ ਵੀ ਨਾ ਵਾਰਿਆ।
ਕੌਮ ਦੇ ਸ਼ਹੀਦਾਂ ਦਾ ਕੀ ਉਹਨਾਂ ਮੁਲ ਪਾਵਣਾ, ਅੰਨ੍ਹੇ ਅਗੇ ਨਚਣਾ ਕੀ ਬੋਲੇ ਅਗੇ ਗਾਵਣਾ।
ਝੋਲੀਚੁਕ ਬਣੇ ਸਰਕਾਰ ਦੇ ਖਿਆਲ ਨੇ, ਲੁਟ ਦੇਸ਼ ਹੋਏ ਇਹ ਭਿਖਾਰੀ, ਮਾਲਾ ਮਾਲ ਨੇ।
ਸਿੰਘਾਂ ਦੀਆਂ ਘਾਲਾਂ ਇਹਨਾਂ ਭੁਲੜਾਂ ਨੂੰ ਯਾਦ ਨਹੀਂ, ਸੁਣਦੇ ਇਹ ਰਾਜ ਮਦ-ਮਤੇ ਫ਼ਰਿਆਦ ਨਹੀਂ।
ਗੁਰੂ ਘਰ ਵਿਚ ਕੁਝ ਦਿਲੀ ਦੇ ਦਲਾਲ ਸਨ, ਮਾਰੂ ਹਥਿਆਰ ਵੀ ਲਿਆਂਦੇ ਉਹਨਾਂ ਨਾਲ ਸਨ।
ਪੰਥ ਵਿਚ ਫੁਟ ਵੀ ਦਲਾਲਾਂ ਇਹਨਾਂ ਪਾਈ ਸੀ, ਮਾਰੀ ਲੁਟੀ ਇਹਨਾਂ ਹੀ ਦਲਾਲਾਂ ਨੇ ਲੁਕਾਈ ਸੀ।
ਮਾਰੇ ਸੀ ਦਲਾਲਾਂ ਪੰਥ ਹੋਇਆ ਬਦਨਾਮ ਸੀ, ਇਸੇ ਪਜ ਹਾਕਮਾਂ ਨੇ ਕੀਤੀ ਕਤਲਾਮ ਸੀ।
ਹਾਕਮਾਂ ਨੇ ਕੀਤਾ ਹਲਾ ਗੁਰੂ-ਦਰਬਾਰ ਤੇ, ਫ਼ੌਜੀਆਂ ਦਾ ਕਹਿਰ ਟੁਟਾ ਸਿਖ ਸੰਸਾਰ ਤੇ।
ਫ਼ੌਜੀਆਂ ਨੇ ਗੁਰੂ ਅਸਥਾਨਾਂ ਨੂੰ ਉਜਾੜਿਆ, ਸੀਨਿਆਂ ਤੇ ਚੜ੍ਹ ਚੜ੍ਹ ਸਿੰਘਾਂ ਨੂੰ ਲਿਤਾੜਿਆ।
ਚੁਣ ਚੁਣ ਮਾਰੇ ਨੌਜਵਾਨ ਇਹਨਾਂ ਜ਼ਾਲਿਮਾਂ, ਬੰਦੀਆਂ ਦੇ ਘਾਣ ਵੀ ਉਤਾਰੇ ਇਹਨਾਂ ਜ਼ਾਲਿਮਾਂ।
ਕੌਮ ਦੀਆਂ ਮਾਵਾਂ, ਭੈਣਾਂ, ਬੱਚੀਆਂ ਨੂੰ ਮਾਰਿਆ, ਯਾਤਰੂ ਵੀ ਮਾਰੇ, ਸੀਨਾ ਹਾਕਮਾਂ ਦਾ ਠਾਰਿਆ।
ਸੈਂਕੜੇ ਆਜ਼ਾਦੀਆਂ ਦੇ ਹੀਰੇ ਰੁਲੇ ਰਾਖ ਵਿਚ, ਧੱਬਾ ਲਾਇਆ ਫ਼ੌਜੀਆਂ ਨੇ ਫ਼ੌਜੀਆਂ ਦੀ ਸਾਖ ਵਿਚ।
ਧਰਮ ਦੀ ਮਹਾਨਤਾ ਨੂੰ ਪੈਰਾਂ ਵਿਚ ਰੋਲਿਆ, ਪਾਵਨ ਪਵਿਤ ਗੰਗ ਵਿਚ ਗੰਦ ਘੋਲਿਆ।
ਮਾਰੇ ਨਿਰਦੋਸ਼ ਸਿੰਘ ਮਚੀ ਹਾਹਾਕਾਰ ਹੈ, ਮਹਾਂ ਅਪਰਾਧੀ ਪਾਲੇ ਮੱਕਾਰ ਸਰਕਾਰ ਹੈ।
ਵੋਟਾਂ ਲਈ ਖੇਡੀਆਂ ਮੱਕਾਰਾਂ ਖੂਨੀ ਹੋਲੀਆਂ, ਜ਼ਖ਼ਮੀ ਹੈ ਕੌਮ, ਸੀਨੇ ਵਜੀਆਂ ਨੇ ਗੋਲੀਆਂ।
ਬਜਰ ਗੁਨਾਹ ਕੀਤਾ ਹੋਇਆ ਇਨਸਾਫ਼ ਨਹੀਂ, ਕਾਤਲਾਂ ਨੂੰ ਪੰਥ ਕਦੇ ਕਰੇਗਾ ਮੁਆਫ਼ ਨਹੀਂ।
ਧੁਖ ਰਹੇ ਸੀਨੇ ਅਜ ਸਿਖ ਸੰਸਾਰ ਦੇ, ਜਿਤਾਂਗੇ ਇਹ ਜੰਗ ਸਿੰਘ ਸੂਰਮੇ ਨਹੀਂ ਹਾਰਦੇ।

www.AKJ.Org

# ਸਹੀ ਦੋਸ਼

[ਸ: ਬਰਜਿੰਦਰ ਸਿੰਘ, ਐਡੀਟਰ ਰੋਜ਼ਾਨਾ ਅਜੀਤ, ਜਲੰਧਰ]

ਅਕਾਲੀ ਦਲ ਦੀ ਐਡਹਾਕ ਕਮੇਟੀ ਵਲੋਂ ਸ੍ਰੀਮਤੀ ਗਾਂਧੀ ਦੇ ਕਤਲ ਤੋਂ ਬਾਅਦ ਹੋਏ ਦੰਗਿਆਂ ਵਿਚ ਜੋ ਨੁਕਸਾਨ ਹੋਇਆ ਹੈ, ਉਸ ਬਾਰੇ ਰਾਜੀਵ ਗਾਂਧੀ ਦੀ ਸਰਕਾਰ ਤੇ ਲਗਾਇਆ ਗਿਆ ਦੋਸ਼ ਸਹੀ ਹੈ। ਅਕਾਲੀ ਦਲ ਦੀ ਇਸ ਗੱਲ ਦਾ ਆਧਾਰ ਹੁਣ ਤੱਕ ਪ੍ਰਕਾਸ਼ਤ ਹੋਈਆਂ ਰਿਪੋਰਟਾਂ ਕਿਹਾ ਜਾ ਸਕਦਾ ਹੈ। ਇਨ੍ਹਾਂ ਵਿਚ ਸਪੱਸ਼ਟ ਤੌਰ ਤੇ ਇਹ ਸਾਬਤ ਕੀਤਾ ਗਿਆ ਹੈ ਕਿ ਇਹ ਦੰਗੇ ਕਿਸੇ ਬਹੁਤ ਡੂੰਘੀ ਸਾਜ਼ਸ਼-ਅਧੀਨ ਬੜੇ ਯੋਜਨਾਬੱਧ ਤਰੀਕੇ ਨਾਲ ਕਰਵਾਏ ਗਏ ਸਨ। ਇਸ ਵਿਚ ਇਕ ਫ਼ਿਰਕੇ ਦਾ ਜੋ ਬੇਹੱਦ ਨੁਕਸਾਨ ਹੋਇਆ, ਉਹ ਵੀ ਜਾਣ ਬੁਝ ਕੇ ਕੀਤਾ ਗਿਆ। ਇਸ ਤੋਂ ਬਾਅਦ ਵੀ ਜੇਕਰ ਸਰਕਾਰ ਦੇ ਕੰਨਾਂ ਤੇ ਇਸ ਸੰਬੰਧੀ ਜੂੰ ਤਕ ਨਹੀਂ ਸਰਕੀ ਅਤੇ ਉਸ ਨੇ ਇਨ੍ਹਾਂ ਦੰਗਿਆਂ ਦੀ ਜਾਂਚ ਲਈ ਕੋਈ ਕਮਿਸ਼ਨ ਮੁਕੱਰਰ ਕਰਨ ਤੋਂ ਸਪੱਸ਼ਟ ਇਨਕਾਰ ਕਰ ਦਿਤਾ ਹੈ ਤਾਂ ਇਹਨਾਂ ਦੰਗਿਆਂ ਵਿਚ ਸਰਕਾਰ ਦੀ ਭਾਈਵਾਲੀ ਜ਼ਰੂਰ ਨਜ਼ਰ ਆਉਂਦੀ ਹੈ।

ਜੇਕਰ ਹੋਈ ਕਿਸੇ ਬੇਇਨਸਾਫ਼ੀ ਬਾਰੇ ਕੋਈ ਗੱਲ ਸੁਨਣ ਨੂੰ ਤਿਆਰ ਨਾ ਹੋਵੇ, ਜੇਕਰ ਹਰ ਤਰੀਕੇ ਇਨ੍ਹਾਂ ਭਿਆਨਕ ਘਟਨਾਵਾਂ ਨੂੰ ਜਾਇਜ਼ ਠਹਿਰਾਇਆ ਜਾ ਰਿਹਾ ਹੋਵੇ ਤਾਂ ਉਸ ਸਮੇਂ ਸਮੂਹਕ ਰੂਪ ਵਿਚ ਆਪਣਾ ਰੋਸ ਪ੍ਰਗਟ ਕਰਨਾ ਸਹੀ ਤਰੀਕਾ ਹੈ। ਅਜਿਹੀ ਹੀ ਸਾਡੇ ਪ੍ਰਜਾਤੰਤਰ ਦੀ ਮੰਗ ਵੀ ਹੈ। ਅਸੀਂ ਅਕਾਲੀ ਦਲ ਦੀ ਅਜਿਹੀ ਮੰਗ ਨਾਲ ਸਹਿਮਤ ਹਾਂ ਅਤੇ ਇਹ ਨਾ ਮੰਨੇ ਜਾਣ ਦੀ ਸੂਰਤ ਵਿਚ ਉਸ ਵਲੋਂ ਜਦੋ-ਜਹਿਦ ਕਰਨ ਦੇ ਤਹੱਈਏ ਨੂੰ ਵੀ ਜਾਇਜ਼ ਠਹਿਰਾਉਂਦੇ ਹਾਂ।

ਐਡਹਾਕ ਕਮੇਟੀ ਦੀ ਮੀਟਿੰਗ ਵਿਚ ਮੋਟੇ ਤੌਰ ਤੇ ਜੋ ਫ਼ੈਸਲੇ ਕੀਤੇ ਗਏ ਜਾਂ ਜਿਨ੍ਹਾਂ ਦਾ ਅਖ਼ਬਾਰਾਂ ਵਿਚ ਜ਼ਿਕਰ ਆਇਆ, ਉਨ੍ਹਾਂ ਵਿਚ ਸਾਰੇ ਬੇਕਸੂਰ ਸਿੱਖ ਨੌਜਵਾਨਾਂ ਅਤੇ ਅਕਾਲੀ ਲੀਡਰਾਂ ਨੂੰ ਰਿਹਾਅ ਕਰਨ ਦੀ ਮੰਗ, ਵਿਸ਼ੇਸ਼ ਅਦਾਲਤਾਂ ਅਤੇ ਬਣੇ ਬਣਾਏ ਵਿਸ਼ੇਸ਼ ਕਾਨੂੰਨ ਖ਼ਤਮ ਕੀਤੇ ਜਾਣ ਦੀ ਮੰਗ ਅਤੇ ਹਿੰਸਾ ਲਈ ਜ਼ਿੰਮੇਵਾਰ ਲੋਕਾਂ ਨੂੰ ਸਜ਼ਾਵਾਂ ਦੇਣ ਦੀ ਮੰਗ ਸ਼ਾਮਲ ਹੈ। ਅਸੀਂ ਇਨ੍ਹਾਂ ਸਾਰੀਆਂ ਮੰਗਾਂ ਵਿਚੋਂ ਕਿਸੇ ਇਕ ਮੰਗ ਨੂੰ ਵੀ ਅਜਿਹੀ ਨਹੀਂ ਸਮਝਦੇ ਜੋ ਨਜਾਇਜ਼ ਕੀਤੀ ਗਈ ਹੋਵੇ ਜਾਂ ਜਿਸ ਦਾ ਠੀਕ ਆਧਾਰ ਨਾ ਹੋਵੇ।

ਸਰਕਾਰ ਵਲੋਂ ਬਾਰ ਬਾਰ ਇਸ ਗੱਲ ਤੇ ਜ਼ੋਰ ਦੇਣਾ ਕਿ ਅਕਾਲੀ ਅੱਤਵਾਦੀ ਜਾਂ ਵੱਖਵਾਦੀ ਸਰਗਰਮੀਆਂ ਦੀ ਆਲੋਚਨਾ ਕਰਨ ਅਤੇ ਖਾਲਸਤਾਨ ਦੇ ਵਿਰੁਧ ਬਿਆਨ ਦੇਣ, ਇਹ ਗੱਲਾਂ ਇਸ ਤਰ੍ਹਾਂ ਲਗਦੀਆਂ ਹਨ ਜਿਵੇਂ ਸਰਕਾਰ ਜਾਣ ਬੁੱਝ ਕੇ ਗੱਲ ਅਗਾਂਹ ਨਾ ਤੋਰਨਾ ਚਾਹੁੰਦੀ ਹੋਵੇ ਅਤੇ ਇਸ ਨੂੰ ਹੋਰ ਲਮਕਾਈ ਜਾਣਾ ਚਾਹੁੰਦੀ ਹੋਵੇ। ਇਸ ਦਾ ਇਕ ਵੱਡਾ ਕਾਰਨ ਤਾਂ ਆ ਰਹੀਆਂ ਪ੍ਰਾਂਤਾਂ ਦੀਆਂ ਚੋਣਾਂ ਹਨ। ਇਹ ਗੱਲ ਹੁਣ ਯਕੀਨੀ ਸਮਝੀ ਜਾਣ ਲੱਗੀ ਹੈ ਕਿ ਇਨ੍ਹਾਂ ਪ੍ਰਾਂਤਕ ਚੋਣਾਂ ਤੋਂ ਬਾਅਦ ਹੀ ਸਰਕਾਰ ਵਲੋਂ ਪੰਜਾਬ ਦੇ ਮਸਲੇ ਪ੍ਰਤੀ ਕਿਸੇ ਤਰ੍ਹਾਂ ਦੀ ਸਰਗਰਮੀ ਵਿਖਾਉਣ ਦੀ ਸੰਭਾਵਨਾ ਹੈ।

ਵੈਸੇ ਅਕਾਲੀ ਦਲ ਵੱਖ ਵੱਖ ਸਟੇਜਾਂ ਤੋਂ ਇਹ ਬਹੁਤ ਵਾਰ ਸਪਸ਼ਟ ਕਰ ਚੁਕਾ ਹੈ ਕਿ ਉਸ ਦਾ ਦੇਸ਼ ਦੀ ਅਖੰਡਤਾ ਵਿਚ ਪੂਰਾ ਯਕੀਨ ਹੈ। ਉਹ ਇਹ ਵੀ ਜ਼ੋਰ ਦਿੰਦਾ ਰਿਹਾ ਹੈ ਕਿ ਜੋ ਅੰਦੋਲਨ ਦਲ ਵਲੋਂ ਚਲਾਇਆ ਜਾ ਰਿਹਾ ਹੈ, ਉਹ ਮੁੱਖ ਰੂਪ ਵਿਚ ਅਹਿੰਸਕ ਹੈ। ਅਨੰਦਪੁਰ ਸਾਹਿਬ ਦੇ ਮਤੇ ਬਾਰੇ ਵੀ ਇਹ ਯਕੀਨ ਨਾਲ ਕਿਹਾ ਜਾ ਸਕਦਾ ਹੈ ਕਿ ਉਸ ਵਿਚ ਕਿਸੇ ਵੀ ਤਰ੍ਹਾਂ ਦੇ ਦੇਸ਼ ਤੋਂ ਵੱਖ ਹੋਣ ਦੀਆਂ ਭਾਵਨਾਵਾਂ ਨਹੀਂ ਹਨ। ਸਰਕਾਰ ਇਸ ਸਾਰੀ ਗੱਲ ਨੂੰ ਸਮਝਦੀ ਹੋਈ ਵੀ ਜੇਕਰ ਬਾਰ ਬਾਰ ਅਜਿਹੇ ਐਲਾਨ ਕਰਦੀ ਹੈ ਤਾਂ ਇਹ ਯਕੀਨੀ ਹੋ ਜਾਂਦਾ ਹੈ ਕਿ ਉਸ ਦੀ ਨਿਯਤ ਸਾਫ਼ ਨਹੀਂ ਅਤੇ ਉਹ ਮਸਲੇ ਦਾ ਹੱਲ ਨਹੀਂ ਕਰਨਾ ਚਾਹੁੰਦੀ।

ਐਡਹਾਕ ਕਮੇਟੀ ਵਲੋਂ ਇਹ ਠੀਕ ਹੀ ਕਿਹਾ ਗਿਆ ਹੈ ਕਿ ਜਦੋਂ ਤਕ ਅਕਾਲੀਆਂ ਦੀਆਂ ਉਚਿਤ ਮੰਗਾਂ



www.AKJ.Org

ਨਹੀਂ ਮੰਨੀਆਂ ਜਾਂਦੀਆਂ ਅਤੇ ਸਰਕਾਰ ਵਲੋਂ ਇਕ ਫ਼ਿਰਕੇ ਨਾਲ ਲਗਾਤਾਰ ਜ਼ਿਆਦਤੀਆਂ ਕੀਤੀਆਂ ਜਾਂਦੀਆਂ ਰਹੀਆਂ ਤਾਂ ਅੱਤਵਾਦੀ ਸਰਗਰਮੀਆਂ ਦਾ ਪੈਦਾ ਹੋਣਾ ਕੁਦਰਤੀ ਹੈ, ਅਕਾਲੀ ਦਲ ਇਸ ਨੂੰ ਕਿਵੇਂ ਰੋਕ ਸਕਦਾ ਹੈ।

ਸਰਕਾਰ ਤਾਂ ਹੁਣ ਸਿੱਖਾਂ ਦੇ ਕੇਸਰੀ ਪੱਗੜੀਆਂ ਬੰਨ੍ਹਣ ਤੇ ਵੀ ਘੂਰੀਆਂ ਵੱਟਣ ਲੱਗੀ ਹੈ। ਸਾਨੂੰ ਬਹੁਤ ਥਾਵਾਂ ਤੋਂ ਇਹ ਸ਼ਕਾਇਤਾਂ ਮਿਲੀਆਂ ਹਨ ਕਿ ਕੇਸਰੀ ਪੱਗਾਂ ਬੰਨ੍ਹਣ ਕਰਕੇ ਨੌਜਵਾਨਾਂ ਨੂੰ ਅਧਿਕਾਰੀਆਂ ਅਤੇ ਪੁਲਸ ਵਲੋਂ ਡਰਾਇਆ ਧਮਕਾਇਆ ਜਾ ਰਿਹਾ ਹੈ। ਇਸ ਨੂੰ ਕਿੱਥੋਂ ਦਾ ਇਨਸਾਫ਼ ਕਿਹਾ ਜਾ ਸਕਦਾ ਹੈ ? ਕੀ ਸਿੱਖ ਭਾਈਚਾਰਾ ਆਪਣੀ ਮਾਨਸਿਕ ਅਵਸਥਾ ਅਤੇ ਸੋਚ ਅਨੁਸਾਰ ਆਪਣੀ ਪੱਗ ਦੇ ਰੰਗ ਦੀ ਚੋਣ ਵੀ ਨਹੀਂ ਕਰ ਸਕਦਾ ? ਅਸੀਂ ਅਕਾਲੀ ਦਲ ਨਾਲ ਏਸ ਗੱਲ ਨਾਲ ਪੂਰੀ ਤਰ੍ਹਾਂ ਸਹਿਮਤ ਹਾਂ ਕਿ ਸਰਕਾਰ ਨੂੰ ਅਜਿਹੀਆਂ ਕਾਰਵਾਈਆਂ ਕਰਨ ਤੋਂ ਗੁਰੇਜ਼ ਕਰਨਾ ਚਾਹੀਦਾ ਹੈ। ਅਜਿਹੀਆਂ ਗੱਲਾਂ ਤੇ ਸਰਕਾਰੀ ਕਾਰਵਾਈਆਂ ਕਈ ਹੋਰ ਗੁੰਝਲਾਂ ਅਤੇ ਮਸਲਿਆਂ ਨੂੰ ਜਨਮ ਦੇ ਸਕਦੀਆਂ ਹਨ। ਜੇਕਰ ਸਰਕਾਰ ਪੰਜਾਬ ਦੇ ਮਸਲੇ ਨੂੰ ਲਮਕਾਈ ਜਾਣ ਦੇ ਹੱਕ ਵਿਚ ਹੈ ਅਤੇ ਇਸ ਗੱਲ ਨੂੰ ਉਹ ਆਪਣਾ ਅਧਿਕਾਰ ਸਮਝਦੀ ਹੈ ਤਾਂ ਅਕਾਲੀ ਦਲ ਵਲੋਂ ਸੰਘਰਸ਼ ਤੇਜ਼ ਕਰਨ ਦੀ ਚਿਤਾਵਨੀ ਬਿਲਕੁਲ ਸਹੀ ਕਹੀ ਜਾ ਸਕਦੀ ਹੈ।

ਸਾਡਾ ਹਣ ਵੀ ਵਿਸ਼ਵਾਸ ਹੈ ਕਿ ਸਰਕਾਰ ਆਪਣੇ ਨੇਤਾਵਾਂ ਵਲੋਂ ਪ੍ਰਗਟਾਈਆਂ ਭਾਵਨਾਵਾਂ ਤੇ ਖਰੀ ਉਤਰੇਗੀ ਅਤੇ ਇਸ ਤੋਂ ਪਹਿਲਾਂ ਕਿ ਪੰਜਾਬ ਦਾ ਅਤੇ ਪੰਜਾਬੀਆਂ ਦਾ ਹੋਰ ਨੁਕਸਾਨ ਹੋਵੇ, ਇਸ ਮਸਲੇ ਨੂੰ ਹੱਲ ਕਰਨ ਦਾ ਛੇਤੀ ਤੋਂ ਛੇਤੀ ਯਤਨ ਕਰੇਗੀ।

ਅਜੀਤ, ੧੩-੨-੮੫

---

[ਸਫ਼ਾ ੨੧ ਦੀ ਬਾਕੀ]

—ਓਥੈ ਸਚੇ ਹੀ ਸਚਿ ਨਿਬੜੈ ਚੁਣਿ ਵਖਿ ਕਢੇ ਜਜਮਾਲਿਆ ॥
ਥਾਉ ਨ ਪਾਇਨਿ ਕੂੜਿਆਰ ਮੂਹ ਕਾਲੇ ਦੋਜਕਿ ਚਾਲਿਆ ॥
ਤੇਰੈ ਨਾਇ ਰਤੇ ਸੇ ਜਿਣਿ ਗਏ, ਹਾਰਿ ਗਏ ਸਿ ਠਗਣ ਵਾਲਿਆ ॥ (੪੬੩)
—ਕਚ ਪਕਾਈ ਓਥੈ ਪਾਇ, ਨਾਨਕ ਗਇਆ ਜਾਪੈ ਜਾਇ ॥੩੪॥ (੭)

ਕੀ ਕੱਚਾ ਕੀ ਪੱਕਾ ਹੈ, ਕੌਣ ਸੱਚਾ ਹੈ ਕੌਣ ਝੂਠਾ, ਕੌਣ ਠਗਣ ਵਾਲਾ ਹੈ ਕੌਣ ਠਗਿਆ ਗਿਆ ਹੈ, ਇਸ ਸੰਬੰਧੀ ਕੋਈ ਭੁਲੇਖਾ ਪ੍ਰਭੂ ਦਰਬਾਰ ਵਿਚ ਨਹੀਂ ਲਗ ਸਕਦਾ।

ਕੁਝ ਬੇਸਮਝ ਮਨੁੱਖ, ਧਰਮ ਦੇ ਨਾਂ ਹੇਠ ਹੋ ਰਹੇ ਪਖੰਡ ਨੂੰ ਦੇਖ ਕੇ ਧਰਮ ਨੂੰ ਹੀ ਨਿੰਦਣ ਲਗ ਪੈਂਦੇ ਹਨ। ਪਖੰਡ ਦੀ ਵਧੇਰੇ ਮਾਤਰਾ ਹੀ ਸੱਚੇ ਸੁੱਚੇ ਧਰਮ ਦਾ ਮਹੱਤਵ ਦਸਦੀ ਹੈ। ਗੱਲ ਬੜੀ ਸਿਧੀ ਤੇ ਸਪਸ਼ਟ ਹੈ ਕਿ ਜੇ ਧਰਮ ਦੇ ਪਖੰਡ ਨਾਲ ਹੀ ਇਤਨੇ ਅਡੰਬਰ ਰਚੇ ਜਾ ਸਕਦੇ ਹਨ, ਤਾਂ ਨਕਲ ਨਾਲੋਂ ਅਸਲ ਧਰਮ ਕਮਾਉਣ ਦੀ ਬਰਕਤ ਤੇ ਸ਼ਕਤੀ ਤਾਂ ਜ਼ਰੂਰ ਹੀ ਅਥਾਹ ਤੇ ਅਪਰੰਪਾਰ ਹੋਵੇਗੀ। ਫਿਰ ਕਿਉਂ ਨਾ 'ਹਰਿ ਕੋ ਨਾਮੁ ਜਪਿ ਨਿਰਮਲ ਕਰਮੁ' ਵਾਲੇ ਧਰਮ ਨੂੰ ਹੀ ਅਪਣਾਅ ਲਿਆ ਜਾਵੇ।

ਅੰਮ੍ਰਿਤ ਰਸ, ਨਾਮ ਰਸ, ਪ੍ਰੇਮ ਰਸ ਪਖੰਡ ਦੁਆਰਾ ਕਿਵੇਂ ਮਿਲ ਸਕੇਗਾ ? ਹਰੀ ਵਿਸਰ ਜਾਣ ਨਾਲ ਤਾਂ ਸਭ ਗੁਣ ਗਲ ਜਾਣਗੇ, ਨਾਮ ਵਿਸਾਰਨ ਵਾਲੇ ਖੇਹ ਹੋ ਜਾਣਗੇ। ਪਖੰਡ-ਧਰਮ ਜੀਵਨ ਨੂੰ ਅਸਫਲ ਤੇ ਅਰਥਹੀਨ ਬਣਾ ਦੇਵੇਗਾ।

ਜੀਵਨ ਨੂੰ ਸਾਰਥਕ ਬਨਾਉਣ ਲਈ ਧਰਮ ਨੂੰ ਸਹੀ ਅਰਥਾਂ ਵਿਚ ਧਾਰਨ ਕਰਨ ਦੇ ਉਦਮ ਦੀ ਲੋੜ ਹੈ। ਪਾਖੰਡ ਨੂੰ ਦੇਖ ਕੇ ਹੀ ਨੌਜੁਆਨ, ਧਰਮ ਦੀਆਂ ਸੱਚੀਆਂ ਸੁੱਚੀਆਂ ਕੀਮਤਾਂ ਤੋਂ ਦੂਰ ਚਲੇ ਜਾ ਰਹੇ ਹਨ। ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ ਦੀ ਵਿਦਿਅਕ ਸੋਚ ਵਿਚ ਇਹ ਵਿਚਾਰ ਬਿਠਾ ਦੇਣ ਦੀ ਲੋੜ ਹੈ ਕਿ ਸੁਖਾਵਾਂ ਸਮਾਜ ਕੇਵਲ ਤੇ ਕੇਵਲ ਗੁਰਬਾਣੀ ਤੇ ਧਰਮ ਦੇ ਗਿਆਨ ਅਤੇ ਅਮਲ ਦੁਆਰਾ ਹੀ ਸਿਰਜਿਆ ਜਾ ਸਕਦਾ ਹੈ। ਧਰਮ ਕੋਲ ਅਜਿਹੀ ਸ਼ਕਤੀ ਹੈ ਕਿ ਉਹ ਸਮਾਜ ਨੂੰ ਸੋਧ ਸਕਦਾ ਹੈ, ਜੀਵਨ ਨੂੰ ਅਰਥ-ਭਰਪੂਰ ਬਣਾ ਸਕਦਾ ਹੈ। ਇਸ ਪੱਖ ਵਲ ਗੰਭੀਰਤਾ ਨਾਲ ਵਿਚਾਰ ਕਰ ਕੇ, ਉਚੇਚੇ ਉਦਮ ਤੇ ਵਡੇ ਉਪਰਾਲੇ ਕਰਨ ਦੀ ਲੋੜ ਹੈ।

www.AKJ.Org

# ਖ਼ਾਨਾ ਜੰਗੀ ਦੇ ਆਸਾਰ ਸ਼ੁਰੂ

[ਸ: ਖੁਸ਼ਵੰਤ ਸਿੰਘ ਜੀ]

ਕੋਈ ਜੋਤਸ਼ੀ ਮੰਗਵਾ ਕੇ ਸਤਾਰਿਆਂ ਦਾ ਹਿਸਾਬ ਲਵਾਉਣ ਤੇ ਲੀਡਰਾਂ ਦੀਆਂ ਪੱਤਰੀਆਂ ਤੇ ਕੁੰਡਲੀਆਂ ਵਿਖਾਉਣ ਦੀ ਲੋੜ ਨਹੀਂ। ਦੇਸ਼ ਦੇ ਸਾਹਮਣੇ ਦਿਸਦੇ ਹਾਲਾਤ ਤੋਂ ਸਪੱਸ਼ਟ ਅੰਦਾਜ਼ਾ ਲੱਗ ਰਿਹਾ ਹੈ ਕਿ ਦੇਸ਼ ਬੜੀ ਤੇਜ਼ੀ ਨਾਲ ਤੂਫਾਨੀ ਹਨੇਰੀ ਵੱਲ ਰਿੜ੍ਹਦਾ ਜਾ ਰਿਹਾ ਹੈ। ਇਸ ਘੜਮਸ ਵਿਚ ਘਰੇਲੂ ਟਕਰਾ ਸ਼ੁਰੂ ਹੋ ਜਾਣਗੇ ਜੋ ਕਿ ਜਲਦੀ ਹੀ ਘਰੇਲੂ ਜੰਗ ਦੀ ਸ਼ਕਲ ਧਾਰਨ ਕਰ ਲੈਣਗੇ। ਇਸ ਘਰੇਲੂ ਜੰਗ ਦੇ ਅਸਾਰ ਤਾਂ ਚਿਟੇ ਦਿਨ ਵਾਂਗੂ ੧੯੮੪ ਦੇ ਸ਼ੁਰੂ ਵਿਚ ਹੀ ਨਜ਼ਰ ਆਉਣੇ ਸ਼ੁਰੂ ਹੋ ਗਏ ਸਨ, ਸਿਰਫ ਸਾਡੀ ਸਰਕਾਰ ਹੀ ਕੰਧਾਂ ਉਤੇ ਲਿਖਿਆ ਪੜ੍ਹਨ ਨੂੰ ਤਿਆਰ ਨਹੀਂ ਸੀ। ਹੁਣ ਅਸੀਂ ਇਸ ਡੂੰਘੀ ਖਾਈ ਦੇ ਕੰਢੇ ਉਤੇ ਪੁਜ ਗਏ ਹਾਂ ਤੇ ਸਾਡੇ ਦੇਸ਼ ਦੀ ਅਗਵਾਈ ਇਕ ਉਲੂ ਬਾਟਿਆਂ ਦੀ ਜੁੰਡਲੀ ਕੋਲ ਆ ਗਈ ਹੈ, ਜਿਨ੍ਹਾਂ ਤੋਂ ਇਹ ਆਸ ਨਹੀਂ ਰੱਖੀ ਜਾ ਸਕਦੀ ਕਿ ਉਹ ਦੇਸ਼ ਨੂੰ ਇਸ ਅਵਸਥਾ ਤੋਂ ਬਚਾ ਲੈਣਗੇ। ਜੇ ਦੇਸ਼ ਦੀ ਐਸੀ ਅਵਸਥਾ ੧੯੮੫ ਵਿਚ ਨਾ ਹੋ ਜਾਵੇ ਤਾਂ ਇਹ ਇਕ ਜਾਦੂ ਹੀ ਹੋ ਸਕਦਾ ਹੈ। ਇਲਜ਼ਾਮ-ਬਾਜ਼ੀ ਕੀਤੇ ਤੋਂ ਬਿਨਾਂ ਆਓ ਅਸਲੀਅਤ ਨੂੰ ਘੋਖੀਏ।

ਇਸ ਲੇਖ ਵਿਚ, ਦੇਸ਼ ਦੇ ਉੱਤਰੀ-ਪੂਰਬੀ ਇਲਾਕੇ ਵਿਚ ਹੋ ਰਹੀ ਗੜਬੜ, ਜਿਸ ਤਰ੍ਹਾਂ ਕਿ ਅਸਾਮ, ਮਨੀਪੁਰ, ਨਾਗਾਲੈਂਡ ਆਦਿ ਦਾ ਕੋਈ ਜ਼ਿਕਰ ਨਹੀਂ ਕੀਤਾ ਜਾ ਰਿਹਾ, ਅਸੀਂ ਸਿਰਫ਼ ਆਪਣੇ ਆਪ ਨੂੰ ਪੰਜਾਬ ਤਕ ਹੀ ਸੀਮਤ ਰੱਖਦੇ ਹਾਂ, ਜਿਥੋਂ ਕਿ ਬਦ-ਅਮਨੀ ਦੇ ਬੰਬ ਦੇ ਪਲੀਤੇ ਨੂੰ ਅੱਗ ਦਿਖਾਈ ਜਾ ਚੁਕੀ ਹੈ ਤੇ ਸ਼ੋਹਲੇ ਆਤਸ਼ੀ ਮਾਦੇ ਤਕ ਪੁਜਣ ਹੀ ਵਾਲੇ ਹਨ।

ਭਾਰਤ ਵਿਚ ਕੋਈ ਇਕ ਕ੍ਰੋੜ ਤੇ ਚਾਲੀ ਲੱਖ ਸਿੱਖ ਹਨ ਤੇ ਤਕਰੀਬਨ ਸਾਰੇ ਹੀ ਸਰਕਾਰ ਤੋਂ ਸਖ਼ਤ ਮਾਯੂਸ ਹੋਣ ਕਰਕੇ ਰੋਸ ਵਜੋਂ ਬਗ਼ਾਵਤ ਦੇ ਮੂਡ ਵਿਚ ਹਨ। ੮੦ ਫੀ ਸਦੀ ਸਿੱਖ ਪੰਜਾਬ ਵਿਚ ਰਹਿੰਦਾ ਹੈ ਤੇ ੨੦ ਫੀ ਸਦੀ ਸਿੱਖ ਪੰਜਾਬ ਤੋਂ ਬਾਹਰਲੇ ਸੂਬਿਆਂ ਵਿਚ, ਜਿਨ੍ਹਾਂ ਵਿਚੋਂ ਸਭ ਤੋਂ ਵੱਧ ਗਿਣਤੀ ਵਿਚ ਸਿੱਖ ਦਿੱਲੀ ਵਿਚ ਹਨ ਤੇ ਉਸ ਤੋਂ ਬਾਅਦ ਉੱਤਰ-ਪ੍ਰਦੇਸ ਦੇ ਤਹਿਰਾਈ ਦੇ ਇਲਾਕੇ ਤੇ ਗੰਗਾਨਗਰ ਰਾਜਸਥਾਨ ਵਿਚ ਉਨ੍ਹਾਂ ਦੀ ਗਿਣਤੀ ਹੈ। ਇਨ੍ਹਾਂ ਸਾਰੇ ਸਿੱਖਾਂ ਨੇ ਦਰਬਾਰ ਸਾਹਿਬ ਜੂਨ ੧੯੮੪ ਨੂੰ ਹੋਈ ਫੌਜੀ ਕਾਰਵਾਈ ਬਾਰੇ ਸਰਕਾਰ ਨੂੰ ਮਾਫ਼ ਨਹੀਂ ਕੀਤਾ, ਜਿਸ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਤਬਾਹ ਹੋ ਗਿਆ ਤੇ ੫੦੦੦ ਹਜ਼ਾਰ ਦੇ ਕਰੀਬ ਸਿੱਖ ਮਾਰੇ ਗਏ ਜਿਨ੍ਹਾਂ ਵਿਹ ਬੱਚੇ ਤੇ ਜ਼ਨਾਨੀਆਂ ਵੀ ਸ਼ਾਮਿਲ ਸਨ। ਬਹੁ-ਗਿਣਤੀ ਸਿੱਖਾਂ ਦੀ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਨੂੰ ਦਰਬਾਰ ਸਾਹਿਬ ਦੀ ਪਵਿਤਰਤਾ ਭੰਗ ਕਰਨ ਵਾਲਾ ਨਹੀਂ, ਸਗੋਂ ਦਰਬਾਰ ਸਾਹਿਬ ਦੀ ਪਵਿੱਤਰਤਾ ਲਈ ਜਾਨ ਦੇਣ ਵਾਲਾ ਸ਼ਹੀਦ ਸਮਝਦੀ ਹੈ। ਜਿਸ ਵਿਅਕਤੀ ਨੂੰ ਆਮ ਹਿੰਦੁਸਤਾਨੀ ਇਕ ਸ਼ੁਦਾਈ ਦੈਂਤ ਸਮਝਦੇ ਹਨ, ਸਿੱਖਾਂ ਦੀਆਂ ਨਜ਼ਰਾਂ ਵਿਚ ਉਹ ਇਕ ਸ਼ਹੀਦ ਸੰਤ ਹੈ। ਕੌਮ ਦੇ ਇਸ ਹਿੱਸੇ ਨੇ ਹੀ ਸ੍ਰੀ ਮਤੀ ਇੰਦਰਾ ਗਾਂਧੀ ਦੇ ਕਤਲ ਨੂੰ ਦਰਬਾਰ ਸਾਹਿਬ ਉਤੇ ਹੋਏ ਫੌਜੀ ਹਮਲੇ ਦਾ ਬਦਲਾ ਸਮਝਿਆ ਤੇ ਇਨ੍ਹਾਂ ਵਿਚੋਂ ਕੁਝ ਐਸੇ ਮੂਰਖ ਸਨ ਜਿਨ੍ਹਾਂ ਨੇ ਇਸ ਕਤਲ ਉਤੇ ਸ਼ਰੇਆਮ ਖੁਸ਼ੀਆਂ ਮਨਾਈਆਂ, ਜਿਸ ਕਾਰਨ ਇਸ ਕਤਲ ਦਾ ਇਲਜ਼ਾਮ ਸਾਰੀ ਕੌਮ ਉਤੇ ਆ ਗਿਆ ਤੇ ਉਹ ਗੁਸੇ ਦਾ ਸ਼ਿਕਾਰ ਸਾਰੇ ਦੇਸ਼ ਵਿਚ ਹੀ ਬਣਾਈ ਗਈ। ਸਭ ਤੋਂ ਮਾੜੀ ਗੱਲ ਹੈ ਕਿ ਸ੍ਰੀ ਮਤੀ ਗਾਂਧੀ ਦੇ ਕਤਲ ਤੋਂ ਬਾਅਦ ਜੋ ਸਾਰੇ ਦੇਸ਼ ਵਿਚ ਸਿੱਖਾਂ ਦਾ ਕਤਲ ਹੋਇਆ ਹੈ, ਉਸ ਨਾਲ ਸਿੱਖ ਆਪਣੇ ਆਪ ਨੂੰ ਦੇਸ਼ ਵਿਚ ਅਸੁਰੱਖਿਅਤ ਮਹਿਸੂਸ ਕਰਨ ਲੱਗ ਪਏ ਹਨ। ਉਹ ਪ੍ਰਧਾਨ ਮੰਤਰੀ ਰਾਜੀਵ ਗਾਂਧੀ, ਉੱਤਰ-ਪ੍ਰਦੇਸ਼ ਦਾ ਮੁਖ ਮੰਤਰੀ, ਬਿਹਾਰ ਦਾ ਮੁਖ ਮੰਤਰੀ ਆਦਿ ਉਤੇ ਭਰੋਸਾ ਕਰਨ ਨੂੰ ਤਿਆਰ ਨਹੀਂ ਕਿ ਉਨ੍ਹਾਂ ਦੇ ਜਾਨ ਮਾਲ ਦੀ ਰਾਖੀ ਕੀਤੀ ਜਾਵੇਗੀ। ਸਿੱਖਾਂ ਦੀ ਇਸ ਬੇ-ਭਰੋਸਗੀ ਦੇ ਕਾਰਨ ਸਪੱਸ਼ਟ ਹਨ ਕਿ ਇਹ ਲੋਕ ਹੀ ਹਨ ਜਿਨ੍ਹਾਂ ਨੇ ਵਕਤ ਸਿਰ ਸਿੱਖਾਂ ਦੀ ਰੱਖਿਆ ਨਹੀਂ ਕੀਤੀ। ਇਸ ਦੇ ਉਲਟ ਇਸ



www.AKJ.Org

ਗੱਲ ਦੇ ਸਬੂਤ ਹਨ ਕਿ ਇਨ੍ਹਾਂ ਲੋਕਾਂ ਨੇ ਦਿੱਲੀ, ਕਾਨਪੁਰ, ਬੁਖਾਰੋ, ਜਿਥੇ ਬਹੁਤ ਦਰਦਨਾਕ ਕਤਲ ਹੋਇਆ ਹੈ ਉਥੇ ਸਰਕਾਰੀ ਪ੍ਰਸ਼ਾਸਨ ਖ਼ਾਸ ਕਰਕੇ ਪੁਲੀਸ ਨੇ ਸਿੱਖਾਂ ਨੂੰ ਬਚਾਉਣ ਦੀ ਕੋਸ਼ਿਸ਼ ਨਹੀਂ ਕੀਤੀ, ਸਗੋਂ ਫ਼ਸਾਦੀ ਦਰਿੰਦਿਆਂ ਨੂੰ ਸ਼ਹਿ ਦਿੱਤੀ ਹੈ, ਕਿਉਂਕਿ ਇਨ੍ਹਾਂ ਦੀ ਸੋਚਣੀ ਅਨੁਸਾਰ ਸਿੱਖਾਂ ਨੂੰ ਇਤਨਾ ਕੁ ਸਬਕ ਸਿਖਾਇਆ ਹੀ ਜਾਣਾ ਚਾਹੀਦਾ ਸੀ। ਹਾਲਾਤ ਇਹ ਹਨ ਕਿ ਦਿੱਲੀ ਦੇ ਸੱਤ ਕਾਂਗਰਸ ਮੈਂਬਰ ਪਾਰਲੀਮੈਂਟਾਂ ਵਿਚੋਂ ਛੇ (ਕਿਉਂਕਿ ਸਤਵਾਂ ਸਿੱਖ ਸੀ) ਨੇ ਸਿੱਖਾਂ ਵਿਰੁਧ ਫ਼ਸਾਦਾਂ ਨੂੰ ਉਭਾਰਿਆ ਤੇ ਫ਼ਸਾਦੀਆਂ ਨੂੰ ਤਰਤੀਬ ਦਿੱਤੀ। ਇਨ੍ਹਾਂ ਵਿਚੋਂ ਤਿੰਨਾਂ ਨੂੰ ਦੁਬਾਰਾ ਟਿਕਟ ਮਿਲੀ। ਇਨ੍ਹਾਂ ਸਾਰੇ ਹਲਕਿਆਂ ਵਿਚੋਂ ਸਭ ਤੋਂ ਵੱਧ ਕਤਲੇਆਮ ਤੇ ਜ਼ੁਲਮ ਇਕ ਪੰਜਾਬੀ ਹਿੰਦੂ ਹਰਕ੍ਰਿਸ਼ਨ ਲਾਲ ਭਗਤ ਦੇ ਹਲਕੇ ਵਿਚ ਹੋਇਆ। ਬਜਾਏ ਇਸ ਦੇ ਕਿ ਇਨ੍ਹਾਂ ਫ਼ਸਾਦਾਂ ਵਿਚ ਜੋ ਗੰਦਾ ਰੋਲ ਭਗਤ ਨੇ ਅਦਾ ਕੀਤਾ ਹੈ, ਉਸ ਬਾਰੇ ਉਸ ਨੂੰ ਪੁਛਿਆ ਜਾਂਦਾ, ਇਸ ਦੇ ਐਨ ਉਲਟ ਅੱਜ ਵੀ ਭਗਤ ਦਿੱਲੀ ਕਾਂਗਰਸ ਕਮੇਟੀ ਦਾ ਥੰਮ ਗਿਣਿਆ ਜਾਂਦਾ ਹੈ। ਜਦੋਂ ਰਾਜ ਸ਼ਕਤੀ ਇਨ੍ਹਾਂ ਲੋਕਾਂ ਦੇ ਹੱਥ ਵਿਚ ਹੋਵੇ ਤਾਂ ਸਿੱਖ ਇਨ੍ਹਾਂ ਉਤੇ ਕੀ ਇਤਬਾਰ ਕਰ ਸਕਦੇ ਹਨ ! ਇਸ ਤਰ੍ਹਾਂ ਸਿੱਖਾਂ ਕੋਲੋਂ ਦੇਸ਼ ਪ੍ਰਤੀ ਵਫ਼ਾਦਾਰੀ ਦੀ ਕੀ ਆਸ ਹੋ ਸਕਦੀ ਹੈ, ਜਿਨ੍ਹਾਂ ਨੂੰ ਕਿ ਆਪਣੀ ਜਾਨ ਦਾ ਹੀ ਖ਼ਤਰਾ ਬਣਿਆ ਹੋਇਆ ਹੈ ਤੇ ਜਿਨ੍ਹਾਂ ਨੂੰ ਆਪਣੀਆਂ ਜਨਾਨੀਆਂ ਦੀ ਇਜ਼ਤ ਦਾ ਵੀ ਡਰ ਹੈ।

ਖ਼ਬਰਾਂ ਵਿਚ ਇਹ ਪੂਰੀ ਤਰ੍ਹਾਂ ਨਹੀਂ ਦਸਿਆ ਜਾ ਰਿਹਾ ਕਿ ਕਿਤਨੀ ਗਿਣਤੀ ਵਿਚ ਸਿੱਖ ਪੰਜਾਬ ਜਾ ਚੁਕੇ ਹਨ। ਇਸ ਵਕਤ ਲਗਾਏ ਜਾ ਰਹੇ ਅੰਦਾਜ਼ੇ ਅਨੁਸਾਰ ਕੋਈ ੧੫੦,੦੦੦ ਡੇਢ ਲੱਖ ਦੇ ਕਰੀਬ ਸਿੱਖ ਬੁਖਾਰੋ, ਪਟਨਾ, ਕਾਨਪੁਰ, ਹਰਿਆਣਾ ਤੇ ਦਿੱਲੀ ਦੇ ਕਈ ਹਿੱਸਿਆਂ ਵਿਚੋਂ ਆਪਣੇ ਮਕਾਨ, ਦੁਕਾਨਾਂ ਆਦਿ ਵੇਚ ਕੇ ਪੰਜਾਬ ਪੁਜ ਗਏ ਹਨ। ਪੰਜਾਬ ਤੋਂ ਹਿੰਦੂ, ਜੋ ਸੰਤ ਜਰਨੈਲ ਸਿੰਘ ਵੇਲੇ ਬਹੁਤ ਘੱਟ-ਗਿਣਤੀ ਵਿਚ ਨਿਕਲ ਰਹੇ ਸਨ ਉਨ੍ਹਾਂ ਦੀ ਰਫ਼ਤਾਰ ਕਾਫ਼ੀ ਤੇਜ਼ ਹੋ ਗਈ ਹੈ। ਇਸ ਤਰ੍ਹਾਂ ਦੋਨੋਂ ਪਾਸਿਆਂ ਤੋਂ ਅਬਾਦੀ ਦਾ ਤਬਾਦਲਾ ਹੋ ਰਿਹਾ ਹੈ। ਜੇ ਧਰਮ ਦੇ ਫ਼ਰਕ ਕਾਰਨ ਇਹ ਅਬਾਦੀ ਦਾ ਤਬਾਦਲਾ ਨਾ ਰੋਕਿਆ ਗਿਆ ਤਾਂ ਇਸ ਨਾਲ ਦੇਸ਼ ਦਾ ਅੰਦਰੂਨੀ ਨਕਸ਼ਾ ਬਦਲ ਜਾਵੇਗਾ ਤੇ ਪੰਜਾਬ ਸਿਰਫ਼ ਸਿੱਖਾਂ ਦਾ ਸੂਬਾ ਬਣ ਜਾਵੇਗਾ। ਅੱਜ ਜਿਸ ਤਰ੍ਹਾਂ ਸਿੱਖ ਬਗ਼ਾਵਤ ਦੇ ਮੂਡ ਵਿਚ ਹਨ, ਇਹ ਅੱਗੇ ਦੀ ਤਰ੍ਹਾਂ ਪਾਕਿਸਤਾਨ ਲਈ ਇਕ ਰੁਕਾਵਟ ਦੀ ਥਾਂ ਭਾਰਤ ਲਈ ਇਕ ਖ਼ਤਰਾ ਸਿੱਧ ਹੋਣਗੇ। ਜਦੋਂ ਵੀ ਭਵਿਖ ਵਿਚ ਦੇਸ਼ ਦਾ ਪਾਕਿਸਤਾਨ ਨਾਲ ਟਾਕਰਾ ਹੋਇਆ ਤਾਂ ਭਾਰਤੀ ਫੌਜ ੧੯੬੫ ਤੇ ੧੯੭੧ ਦੀ ਲੜਾਈ ਦੀ ਤਰ੍ਹਾਂ ਇਨ੍ਹਾਂ ਕੋਲੋਂ ਕਿਸੇ ਤਰ੍ਹਾਂ ਦੀ ਮਦਦ ਦੀ ਆਸ ਨਹੀਂ ਕਰ ਸਕਦੀ, ਸਗੋਂ ਇਕ ਤਰ੍ਹਾਂ ਫੌਜ ਨੂੰ ਦੇਸ਼ ਦੀ ਰੱਖਿਆ ਲਈ ਇਕ ਵਿਰੋਧੀ ਇਲਾਕੇ ਵਿਚ ਲੜਨ ਦੇ ਬਰਾਬਰ ਹੋਵੇਗਾ। ਦੇਸ਼ ਦਾ ਜੰਮੂ ਕਸ਼ਮੀਰ ਨਾਲ ਸਿਰਫ਼ ਪੰਜਾਬ ਦੀ ਧਰਤੀ ਰਾਹੀਂ ਹੀ ਸੰਬੰਧ ਹੈ। ਜੇ ਇਹ ਸੰਬੰਧ ਟੁਟ ਗਿਆ ਤਾਂ ਕਸ਼ਮੀਰ ਇਕ ਪੱਕੇ ਹੋਏ ਅੰਬ ਵਾਂਗੂੰ ਦੁਸ਼ਮਨ ਦੀ ਝੋਲੀ ਵਿਚ ਪੈ ਜਾਵੇਗਾ।

ਇਸ ਤੋਂ ਇਲਾਵਾ ਦੋ ਵੱਡੇ ਖ਼ਤਰੇ ਹਾਲੀਂ ਹੋਰ ਹਨ ਜਿਨ੍ਹਾਂ ਦਾ ਹਿਸਾਬ ਵੀ ਲਾਉਣਾ ਚਾਹੀਦਾ ਹੈ। ਸਾਰੇ ਸਿੱਖ ਅੱਤਵਾਦੀ ਕਾਬੂ ਨਹੀਂ ਆਏ, ਇਨ੍ਹਾਂ ਵਿਚੋਂ ਜੇ ਹਜ਼ਾਰਾਂ ਨਹੀਂ ਤਾਂ ਘਟੋ ਘਟ ਸੈਂਕੜੇ ਹਾਲੀਂ ਵੀ ਕਾਇਮ ਹਨ, ਜੋ ਕਿ ਕਿਸੇ ਵੇਲੇ ਵੀ ਕਤਲੋ-ਗਾਰਤ ਕਰ ਸਕਦੇ ਹਨ। ਸ੍ਰੀ ਮਤੀ ਗਾਂਧੀ ਦਾ ਕਤਲ ਸ਼ਾਇਦ ਅਖੀਰਲਾ ਕਤਲ ਨਾ ਹੋਵੇ। ਜੇ ਸਰਕਾਰ ਇਨ੍ਹਾਂ ਕਤਲਾਂ ਤੋਂ ਬਚਾ ਨਾ ਕਰ ਸਕੀ ਜਾਂ ਉਸ ਦੇ ਬਦਲੇ ਦੀ ਭਾਵਨਾ ਦਾ ਕਤਲੇਆਮ ਨਾ ਰੋਕ ਸਕੀ ਤਾਂ ਦੇਸ਼ ਵਿਚ ਇਕ ਦਮ ਗੜਬੜ ਹੋ ਜਾਵੇਗੀ। ਇਸ ਤੋਂ ਇਲਾਵਾ ਕੋਈ ੫੦੦੦ ਪੰਜ ਹਜ਼ਾਰ ਸਿੱਖ ਪਹਿਲਾਂ ਹੀ ਪਾਕਿਸਤਾਨ ਪੁਜ ਚੁਕੇ ਹਨ ਜੋ ਕਿ ਫੌਜ ਨੇ ਜੂਨ ਦੇ ਬਲਿਊ ਸਟਾਰ ਓਪਰੇਸ਼ਨ ਤੋਂ ਬਾਅਦ ਪਿੰਡੋ ਪਿੰਡ ਅਤਿਵਾਦੀ ਢੂੰਡਣੇ ਸ਼ੁਰੂ ਕੀਤੇ ਤਾਂ ਉਹ ਦੌੜ ਗਏ ਸਨ। ਇਨ੍ਹਾਂ ਨੂੰ ਪਾਕਿਸਤਾਨ ਵਿਚ ਟਰੇਨਿੰਗ ਤੇ ਹਥਿਆਰ ਦੋਨੋਂ ਦਿੱਤੇ ਜਾ ਰਹੇ ਹਨ। ਇਨ੍ਹਾਂ ਨੂੰ ਪੰਜਾਬ ਦੇ ਪਿੰਡਾਂ ਵਿਚੋਂ ਸਾਬਕਾ ਫੌਜੀ ਲਭਣੇ ਕੋਈ ਔਖੇ ਨਹੀਂ। ਹਰ ਪਿੰਡ ਵਿਚ ਦਰਜਨਾਂ ਦੇ ਹਿਸਾਬ ਨਾਲ ਫੌਜੀ ਮਿਲ ਸਕਦੇ ਹਨ। ਫਿਰ ਇਨ੍ਹਾਂ ਦਾ ਮੁਕਾਬਲਾ ਕਰਨਾ ਪੁਲੀਸ, ਸੀ. ਆਰ. ਪੀ, ਜਾਂ ਬੀ. ਐਸ. ਐਫ. ਦੇ ਵੱਸ ਦਾ ਰੋਗ ਨਹੀਂ ਹੋਣਾ। ਸਾਡੀ ਫੌਜ ਹੀ ਕੇਵਲ ਇਨ੍ਹਾਂ ਦਾ ਮੁਕਾਬਲਾ ਕਰ ਸਕੇਗੀ, ਪਰ ਉਹ ਵੀ ਤਾਂ ਹੀ ਹੋ ਸਕੇਗਾ ਜੇ ਇਹ ਯਕੀਨ ਹੋਵੇ ਕਿ ਪਾਕਿਸਤਾਨ ਦੀ ਸਰਹੱਦ ਵਲੋਂ ਕੋਈ ਖ਼ਤਰਾ ਨਹੀਂ, ਜਿਸ ਦੇ ਚਾਂਸ ਬਹੁਤ ਘੱਟ ਹਨ। ਸੰਤ ਸਿਪਾਹੀ, ਫ਼ਰਵਰੀ ੮੫

www.AKJ.Org

# ਆਪਣੇ ਵਿਰਸੇ ਨਾਲ ਜੁੜੇ ਰਹਿਣ ਲਈ

ਸਿਖ ਕੌਮ ਦਾ ਵਿਰਸਾ ਸਤਿਗੁਰੂ ਤੇ ਸਤਿਗੁਰੂ ਦੀ ਬਾਣੀ ਹੈ। ਗੁਰਬਾਣੀ ਨਾਲ ਜੁੜੇ ਰਹਿਣ ਨਾਲ ਹੀ ਸਿਖ 'ਸਿਖੀ' ਨੂੰ ਕਾਇਮ ਰਖ ਸਕਦਾ ਹੈ। ਸਿਖ ਲਈ ਸਭ ਤੋਂ ਪਹਿਲੀ ਲੋੜ ਇਹੋ ਹੈ ਕਿ ਉਹ ਗੁਰਬਾਣੀ ਨਾਲ ਸਾਂਝ ਬਣਾਈ ਰਖੇ। ਜੇ ਸਿਖ ਗੁਰਬਾਣੀ ਤੋਂ ਟੁਟ ਗਿਆ, ਗੁਰਬਾਣੀ ਤੋਂ ਦੂਰ ਚਲਾ ਗਿਆ ਤਾਂ ਫਿਰ ਇਸ ਦਾ ਕਿਤੇ ਕੋਈ ਥਾਂ-ਟਿਕਾਣਾ ਨਹੀਂ।

ਸੜਦੇ ਬਲਦੇ ਸੰਸਾਰ ਨੂੰ ਠੰਢ ਪਹੁੰਚਾਉਣ ਅਤੇ ਸੁਖ-ਸ਼ਾਂਤੀ ਬਖਸ਼ਣ ਵਾਲੀ ਕੇਵਲ ਗੁਰਬਾਣੀ ਹੈ। ਤ੍ਰਿਸ਼ਨਾ-ਕੁਠੀ ਲੁਕਾਈ ਦੀ ਪਿਆਸ ਕੇਵਲ ਗੁਰਬਾਣੀ ਹੀ ਬੁਝਾ ਸਕਦੀ ਹੈ। ਰੋਗੀ ਸੰਸਾਰ ਦੇ ਰੋਗ ਨਿਵਾਰਨ ਲਈ ਗੁਰਬਾਣੀ ਅੰਮ੍ਰਿਤ-ਬੂਟੀ ਹੈ। ਇਸ ਗੁਰਬਾਣੀ ਦੀ ਤੁਫ਼ੈਲ, ਸ਼ਰਧਾ ਭਾਵਨੀ ਨਾਲ ਪਠਨ-ਪਾਠਨ ਕਰਨ ਦੀ ਬਰਕਤ ਸਦਕਾ ਹੀ ਪੁਰਾਤਨ ਗੁਰਸਿਖਾਂ ਨੇ ਉਹ ਉਹ ਕਾਰਨਾਮੇ ਕਰ ਵਿਖਾਏ ਕਿ ਸੰਸਾਰ ਦੰਗ ਰਹਿ ਜਾਂਦਾ ਰਿਹਾ ਹੈ। ਸੋ ਗੁਰਬਾਣੀ ਹੀ ਸਿਖ ਦੀ ਜਿੰਦ ਜਾਨ ਹੈ।

ਸੱਚੇ ਪਾਤਸ਼ਾਹ ਜੀ ਨੇ, ਧੁਰੋਂ ਅਵਤਰੀ ਬਾਣੀ ਜਿਸ ਰੂਪ ਵਿਚ ਸਾਨੂੰ ਬਖ਼ਸ਼ੀ ਹੈ, ਉਸੇ ਰੂਪ ਵਿਚ ਹੀ ਉਹ ਫਲਦਾਤੀ ਹੈ, ਰੋਗ-ਬਿਦਾਰਨੀ ਹੈ ਅਤੇ ਕਲਾ-ਕ੍ਰਿਸ਼ਮਾਇਣੀ ਹੈ। ਗੁਰੂ ਕੀ ਉਚਾਰੀ ਬਾਣੀ ਅਸਲ ਰੂਪ ਵਿਚ ਹੀ ਅੰਮ੍ਰਿਤ-ਬਾਣੀ ਹੋ ਸਕਦੀ ਹੈ। ਗੁਰਬਾਣੀ ਦੇ ਟੀਕੇ, ਵਿਆਖਿਆ, ਕਥਾ ਆਦਿਕ ਗੁਰਬਾਣੀ ਦੇ ਗੂਹਜ ਭਾਵਾਂ ਨੂੰ ਸਮਝਾਉਣ ਲਈ ਆਪੋ ਆਪਣੀ ਮੱਤ ਅਨੁਸਾਰ ਜਤਨ ਹਨ, ਪਰ ਇਹ ਟੀਕੇ ਜਾਂ ਵਖਿਆਨ ਅੰਮ੍ਰਿਤ-ਬਾਣੀ ਦੀ ਕਲਾ ਨਹੀਂ ਵਰਤਾ ਸਕਦੇ। ਕਲਾ ਤਾਂ ਵਰਤਣੀ ਹੈ ਗੁਰਬਾਣੀ ਚਖਣ ਨਾਲ। ਅੰਮ੍ਰਿਤ-ਰਸ ਤਦੋਂ ਹੀ ਪ੍ਰਾਪਤ ਹੋ ਸਕਦਾ ਹੈ ਜਦੋਂ ਅਸੀਂ ਅੰਮ੍ਰਿਤ-ਬਾਣੀ ਨੂੰ ਪਰਸਾਂਗੇ । ਅੰਮ੍ਰਿਤ-ਬਾਣੀ ਓਹੋ ਹੀ ਹੋ ਸਕਦੀ ਹੈ, ਜੋ ਗੁਰ-ਬਾਣੀ ਅਥਵਾ ਗੁਰੂ-ਮੁਖ ਤੋਂ ਉਚਾਰੀ ਹੋਈ ਬਾਣੀ ਹੈ। ਸੋ ਗੁਰੂ ਦੀ ਉਚਾਰੀ ਹੋਈ ਬਾਣੀ ਹੀ ਅੰਮ੍ਰਿਤ-ਬਾਣੀ ਹੈ ਅਤੇ ਓਹੋ ਹੀ ਸਰਬ-ਕਲਾ ਸਮਰੱਥ ਹੈ। ਇਸ ਬਾਣੀ ਦੇ ਅਧਾਰ 'ਤੇ ਸਾਡੇ ਕਥੇ ਵੀਚਾਰ ਅੰਮ੍ਰਿਤ-ਬਾਣੀ ਦੀ ਤੁਲਤਾ ਨਹੀਂ ਕਰ ਸਕਦੇ, ਸਗੋਂ ਇਹ ਸਾਡੀ ਆਪੋ ਆਪਣੀ ਨਿਜ ਮਤ ਅਨੁਸਾਰ ਹਨ, ਇਸ ਕਰਕੇ ਇਹ ਊਣੇ ਹਨ, ਅਧੂਰੇ ਹਨ। ਸੰਪੂਰਨ ਕੇਵਲ ਗੁਰਬਾਣੀ ਆਪ ਹੀ ਹੈ। ਗੁਰਬਾਣੀ ਨੂੰ ਪਰਸ ਕੇ ਹੀ ਪਾਰਸ-ਕਲਾ ਵਰਤ ਸਕਦੀ ਹੈ, ਟੀਕਿਆਂ ਤਰਜਮਿਆਂ ਨੂੰ ਪਰਸ ਕੇ ਕਦੀ ਵੀ ਨਹੀਂ।

ਹੁਣ ਵਿਚਾਰਨ ਵਾਲੀ ਗੱਲ ਇਹ ਹੈ ਕਿ ਅਸੀਂ ਅੱਜ ਨਵੇਂ ਜ਼ਮਾਨੇ ਦੀ ਰਵਸ਼ ਵਿਚ ਅਜਿਹੇ ਰੁੜ੍ਹੇ ਜਾ ਰਹੇ ਹਾਂ ਕਿ ਸਾਨੂੰ ਸੁਧ-ਬੁਧ ਹੀ ਭੁਲ ਗਈ ਹੈ ਅਤੇ ਅਸੀਂ ਉਹ ਕਰਮ ਕਰ ਰਹੇ ਹਾਂ, ਜਿਸ ਕਰਕੇ ਅਸੀਂ ਸਿੱਖੀ ਦੇ ਸੋਮੇ "ਗੁਰਬਾਣੀ" ਤੋਂ ਦੁਰਾਡੇ ਹੁੰਦੇ ਜਾ ਰਹੇ ਹਾਂ। ਜਿਥੇ ਅਸੀਂ ਟੈਲੀਵੀਜਨ, ਰੇਡੀਓ ਅਤੇ ਹੋਰ ਸੁਖ ਦੇ ਸਾਧਨਾਂ ਵਿਚ ਦਿਨੇ ਰਾਤ ਉਲਝੇ ਪਏ ਹਾਂ, ਉਥੇ ਗੁਰਬਾਣੀ ਲਈ ਤਾਂ ਕੇਵਲ ਦਿਖਾਵੇ ਮਾਤਰ ਹੀ ਅਸੀਂ ਵਕਤ ਕਢਦੇ ਹਾਂ, ਸਹੀ ਅਰਥਾਂ ਵਿਚ ਗੁਰਬਾਣੀ ਦੇ ਅੰਮ੍ਰਿਤ-ਰਸ ਨੂੰ ਚਖਣ ਤੇ ਮਾਣਨ ਦਾ ਸਾਡੇ ਪਾਸ ਵਿਹਲ ਹੀ ਨਹੀਂ ਹੁੰਦਾ।

ਇਸ ਤੋਂ ਅਗਲੀ ਬਹੁਤੀ ਹੀ ਹੈਰਾਨੀ ਵਾਲੀ ਗੱਲ ਇਹ ਹੈ ਕਿ ਅਸੀਂ ਆਪਣੇ ਬੱਚਿਆਂ ਨੂੰ ਤੋਤਲੀਆਂ ਗੱਲਾਂ ਦੇ ਸਮੇਂ ਤੋਂ ਹੀ ਕਾਨਵੈਂਟ ਜਿਹੇ ਸਕੂਲਾਂ ਰਾਹੀਂ ਵਿਦਿਆ ਦੇਣ ਵਿਚ ਆਪਣੀ ਸ਼ਾਨ ਸਮਝਦੇ ਹਾਂ, ਜਿਨ੍ਹਾਂ ਵਿਚ ਅਰੰਭ ਤੋਂ ਹੀ ਅੰਗਰੇਜ਼ੀ ਮਾਧਿਅਮ ਰਾਹੀਂ ਪੜ੍ਹਾਈ ਕਰਾਈ ਜਾਂਦੀ ਹੈ। ਉਥੇ ਪੰਜਾਬੀ ਪੜ੍ਹਾਉਣ ਦਾ ਕੋਈ ਪਰਬੰਧ ਨਹੀਂ ਹੁੰਦਾ। ਸਿੱਟਾ ਇਹ ਹੁੰਦਾ ਹੈ ਕਿ ਸਾਡੇ ਬੱਚੇ 'ਗੁਰਮੁਖੀ' ਲਿਪੀ ਰਾਹੀਂ ਪੰਜਾਬੀ ਸਿਖਣ ਤੋਂ ਵਿਰਵੇ ਰਹਿ ਜਾਂਦੇ ਹਨ। ਗੁਰਮੁਖੀ ਸਿਖਣ ਤੇ ਪੰਜਾਬੀ ਬੋਲਣ ਦਾ ਅਭਿਆਸ ਜੇ ਬਚਪਨ ਵਿਚ ਹੀ ਨਾ ਮਿਲਿਆ ਤਾਂ ਫਿਰ ਅਸੀਂ ਆਪਣੇ ਵਿਰਸੇ ਤੋਂ ਵਿਛੜ ਜਾਵਾਂਗੇ, ਆਪਣੇ ਸੋਮੇ 'ਗੁਰਬਾਣੀ' ਨਾਲੋਂ ਟੁਟ ਜਾਵਾਂਗੇ! ਗੁਰਬਾਣੀ ਦੀ ਪਾਰਸ-ਕਲਾ ਦੀ ਛੁਹ ਨਹੀਂ ਪ੍ਰਾਪਤ ਕਰ ਸਕਾਂਗੇ। ਯਾਦ ਰਖੀਏ ਕਿ ਸੋਮੇ ਤੋਂ ਟੁਟੇ, ਵਿਛੜੇ ਹੋਏ ਸੁਕ ਕੇ ਕੁਮਲਾ ਜਾਂਦੇ ਹਨ। ਇਥੋਂ ਤਕ ਵੀ ਹੋ ਜਾਂਦਾ ਹੈ ਕਿ ਵਿਛੜੇ ਹੋਏ ਆਪਣੇ ਅਸਲੀ ਰੂਪ ਤੋਂ ਵੀ ਹੱਥ ਧੋ ਬਹਿੰਦੇ ਹਨ।



www.AKJ.Org

ਇਹ ਖ਼ਿਆਲ ਗ਼ਲਤ ਹੈ ਕਿ ਗੁਰਬਾਣੀ ਦੇ ਟੀਕੇ ਅਥਵਾ ਤਰਜਮੇ ਦੂਜੀਆਂ ਬੋਲੀਆਂ ਵਿਚ ਵੀ ਮਿਲ ਜਾਂਦੇ ਹਨ, ਉਨ੍ਹਾਂ ਨੂੰ ਪੜ੍ਹ ਕੇ ਸਾਡੇ ਬੱਚੇ ਗੁਰਸਿਖੀ ਵੀਚਾਰਾਂ ਨੂੰ ਜਾਣਦੇ ਪਛਾਣਦੇ ਰਹਿੰਦੇ ਹਨ। ਅਤੇ ਇਉਂ ਗੁਰਸਿਖੀ ਦੀ ਸਮਝ ਪੈਂਦੀ ਰਹਿੰਦੀ ਹੈ। ਪਰ ਸਾਨੂੰ ਇਹ ਨਿਰਾ ਭੁਲੇਖਾ ਹੈ ਅਤੇ ਸਾਡੀ ਕਜ-ਖ਼ਿਆਲੀ ਹੈ। ਇਸ ਭੁਲੇਖੇ ਵਿਚ ਫਸ ਕੇ ਅਸੀਂ ਆਪਣੀ ਸੰਤਾਨ ਨੂੰ ਗੁਰਸਿਖੀ ਤੋਂ ਦੁਰਾਡੇ ਲੈ ਜਾ ਰਹੇ ਹਾਂ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਸਾਂ ਸਤਿਗੁਰਾਂ ਦੀ ਪਰਤੱਖ ਦੇਹ ਹੈ। ਸਤਿਗੁਰੂ ਨੂੰ ਭੇਟ ਕੇ, ਮਿਲ ਕੇ ਹੀ ਸਿਖ ਦੀ ਸਿੱਖੀ ਕਾਇਮ ਰਹਿ ਸਕਦੀ ਹੈ। ਜੇ ਅਸੀਂ ਬੱਚਿਆਂ ਨੂੰ 'ਗੁਰਮੁਖੀ' ਅਥਵਾ ਪੰਜਾਬੀ ਹੀ ਨਹੀਂ ਪੜ੍ਹਾਵਾਂ-ਸਿਖਾਵਾਂਗੇ ਤਾਂ ਉਹ ਗੁਰੂ ਨੂੰ ਕਿਵੇਂ ਭੇਟ ਸਕਣਗੇ ?

ਸਕੂਲਾਂ ਵਿਚ ਜੇ ਗੁਰਮੁਖੀ ਤੇ ਪੰਜਾਬੀ ਪੜ੍ਹਾਉਣ ਦਾ ਪਰਬੰਧ ਨਹੀਂ ਹੋ ਸਕਦਾ ਤਾਂ ਜਿਵੇਂ ਵੀ ਹੋ ਸਕਦਾ ਹੈ, ਅਸੀਂ ਆਪਣੇ ਬੱਚਿਆਂ ਨੂੰ ਪੰਜਾਬੀ ਪੜ੍ਹਾਉਣ ਦਾ ਘਰ ਵਿਚ ਹੀ ਪਰਬੰਧ ਕਰੀਏ, ਚਾਹੇ ਇਸ ਪਰਬੰਧ ਲਈ ਸਾਨੂੰ ਕਿੰਨਾ ਵੀ ਔਖਾ ਕਿਉਂ ਨਾ ਹੋਣਾ ਪਵੇ। ਕੇਵਲ ਇਸੇ ਤਰ੍ਹਾਂ ਹੀ ਅਸੀਂ ਆਪਣੇ ਬੱਚਿਆਂ ਨੂੰ ਗੁਰਸਿਖੀ ਨਾਲ ਜੋੜ ਕੇ ਆਪਣੇ ਵਿਰਸੇ ਨੂੰ ਕਾਇਮ ਰਖ ਸਕਦੇ ਹਾਂ।

ਹੁਣ ਦੇ ਹਾਲਾਤ ਵਿਚ ਅਸੀਂ ਆਪਣੇ ਬੱਚਿਆਂ ਨੂੰ ਪੰਜਾਬੀ ਨਾ ਪੜ੍ਹਾ ਕੇ, ਜੋ ਅਨਗਹਿਲੀ ਵਰਤ ਰਹੇ ਹਾਂ, ਇਸ ਦੇ ਨਤੀਜੇ ਬੜੇ ਭੈੜੇ ਨਿਕਲ ਸਕਦੇ ਹਨ। ਸਾਡੀ ਆਉਂਦੀ ਪਨੀਰੀ ਇਨ੍ਹਾਂ ਹਾਲਾਤ ਵਿਚ ਇਥੋਂ ਤਕ ਨਿਘਰ ਸਕਦੀ ਹੈ ਕਿ ਸਿਖੀ ਸਰੂਪ ਟੋਲਿਆਂ ਨਹੀਂ ਦਿਸੇਗਾ। ਅਤੇ ਜੇ ਸਿਖੀ ਸਰੂਪ ਨਹੀਂ ਤਾਂ ਰਹਿਤ ਰਹਿਣੀ ਕਿਥੇ ਰਹੇਗੀ ? ਫਿਰ ਨਾ ਗੁਰਬਾਣੀ ਤੇ ਨਾ ਹੀ ਗੁਰ-ਇਤਿਹਾਸ ਦਾ ਕੋਈ ਪਤਾ-ਸੁਰ ਰਹੇਗਾ। ਇਸ ਤਰ੍ਹਾਂ ਅਸੀਂ ਆਪਣੇ ਮਹਾਨ ਵਿਰਸੇ ਤੋਂ ਟੁਟ ਕੇ ਕੇਵਲ ਮਾਇਆ ਦੇ ਵਪਾਰੀ ਹੀ ਰਹਿ ਜਾਵਾਂਗੇ, ਹੋਰ ਕੁਝ ਵੀ ਨਹੀਂ।


## ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਲਿਖਤ ਪੁਸਤਕਾਂ

| | | | |
|---|---|---|---|
| ਗੁਰਮਤਿ ਬਿਬੇਕ ੭-੫੦ ਜੇਲ੍ਹ ਚਿਠੀਆਂ | ੧੫-੦੦ | ਰੰਗਲੇ ਸਜਣ ੭-੦੦ ਅਣਡਿਠੀ ਦੁਨੀਆ | ੧੦-੮੦ |
| ਗੁਰਮਤਿ ਨਾਮ ਅਭਿਆਸ ਕਮਾਈ | ੯-੦੦ | ਸਚਖੰਡ ਦਰਸ਼ਨ ੧-੭੫ ਅੰਮ੍ਰਿਤ ਕੀ ਹੈ ? | ੧-੮੦ |
| ਅਨਹਦ ਦਸਮ ਦੁਆਰ | ੬-੦੦ | ਝਟਕਾ ਮਾਸ ਪ੍ਰਥਾਇ ਤੱਤ ਗੁਰਮਤਿ ਨਿਰਣਯ | ੪-੦੦ |
| ਕੀ ਗੁਰੂ ਗ੍ਰੰਥ ਸਾਹਿਬ ਦੀ ਪੂਜਾ ਬੁਤਪ੍ਰਸਤੀ ਹੈ ? | ੩-੭੫ | ਵਾਹਿਗੁਰੂ ਸਿਮਰਨ | ੦-੫੦ |
| ਗੁਰਮਤਿ ਸੰਬੰਧੀ ਸ਼ੰਕਿਆਂ ਦੇ ਉਤਰ | ੦-੯੦ | ਜ਼ਾਹਰਾ ਜ਼ਹੂਰ ਗੁਰੂ ਗੋਬਿੰਦ ਸਿੰਘ | ੦-੨੫ |
| ਨਾਮ ਸੰਬੰਧੀ ਵਿਚਾਰ | ੦-੯੦ | ਉਮਰ ਕੈਦੀ ਦਾ ਸੁਪਨਾ | ੦-੭੫ |
| ਆਸਤਕ ਤੇ ਨਾਸਤਕ | ੦-੩੫ | ਅਦ੍ਰਿਸ਼ਟ ਵਾਹਿਗੁਰੂ ਦੇ ਪਰਤੱਖ ਦਰਸ਼ਨ | ੦-੬੦ |
| ਤਿਮਰ ਅਗਿਆਨ ਤੋਂ ਉਜਿਆਰਾ | ੦-੩੦ | ਸਿੱਖੀ ਸਿਦਕ ਤੇ ਧਰਮ ਰੱਖਿਆ | ੦-੬੦ |
| ਸਿੰਘਾਂ ਦਾ ਪੰਥ ਨਿਰਾਲਾ | ੧-੦੦ | ਬਾਬਾ ਵੈਦ ਰੋਗੀਆਂ ਦਾ | ੦-੬੦ |
| ਅੰਮ੍ਰਿਤ ਕਲਾ | ੧-੦੦ | ਸੱਚੀਆਂ ਦਾੜ੍ਹੀਆਂ ੦-੪੦ ਸਿਖ ਕੌਣ ਹੈ ? | ੦-੪੦ |
| ਕੋ ਵਿਰਲਾ ਗੁਰਮਤਿ ਚਲੈ ਜੀਉ | ੦-੫੦ | ਨਿਰਬਾਣ ਕੀਰਤਨੀ ਜਥੇ ਦੇ ਸਿੰਘਾਂ ਦੀ ਦਾਸਤਾਨ | ੦-੮੦ |

**ਭਾਈ ਸਾਹਿਬ ਰਣਧੀਰ ਸਿੰਘ ਪਬਲਿਸ਼ਿੰਗ ਹਾਊਸ, ੨੩-ਜੀ, ਸਰਾਭਾ ਨਗਰ, ਲੁਧਿਆਣਾ**

## 'ਸੂਰਾ' ਵਲੋਂ ਗੁਰਮਤਿ ਪਰਚਾਰ ਲਈ ਟ੍ਰੈਕਟ ਤੇ ਪੁਸਤਕਾਂ

| | | | | |
|---|---|---|---|---|
| ਪੂਰਬ ਜਨਮ ਕੇ ਮਿਲੇ ਸੰਜੋਗੀ | ੪-੦੦, ੭-੦੦ | ਖਾਲਸਾ ਰਹਿਤ ਕੇਸਕੀ (ਦਸਤਾਰ) | | ੧-੦੦ |
| ਭਾ:ਸਾ:ਰਣਧੀਰ ਸਿੰਘ ਸ਼ਤਾਬਦੀ ਅੰਕ (ਸਚਿਤ੍ਰ) | ੨-੫੦ | ਗੁਰਬਾਣੀ ਦੀ ਪਾਰਸ ਕਲਾ (ਭਾ: ਸਾਹਿਬ ਕ੍ਰਿਤ) | | ੦-੮੦ |
| ਰਹਿਤ ਮਰਯਾਦਾ ਅੰਕ | ੨-੦੦ | ਪ੍ਰਗਟੀ ਜੋਤ ਮਿਲੇ ਰਾਮ ਪਿਆਰੇ | ,, | ੦-੯੦ |
| ਗੁਰਸਿਖ ਰਹਿਣੀ (ਪ੍ਰੋ: ਅਮਰਜੀਤ ਕੌਰ) | ੦-੮੦ | ਕੀ ਕੇਸ ਰਖਣੇ ਜ਼ਰੂਰੀ ਹਨ ? | ,, | ੦-[illegible]੦ |
| ਤਉ ਕਿਉ ਮੁਰਗੀ ਮਾਰੈ (ਤਲਵਾੜਾ ਜੀ) | ੧-੦੦ | ਗੁਰੁ ਮੇਰੈ ਸੰਗਿ ਸਦਾ ਹੈ ਨਾਲੇ | ,, | ੦-੫੦ |
| HAIR—A Divine Gift | 0–40 | ਗੁਰਮਤਿ ਅਨਹਦ ਸ਼ਬਦ | ,, | ੦-੪੫ |
| Dawn of Divine Wisdom | 0–75 | ਸ਼ਬਦ ਗੁਰੂ—ਸ੍ਰੀ ਗੁਰੂ ਗ੍ਰੰਥ ਸਾਹਿਬ | | ੦-੯੦ |
| ਲੜੀਦਾਰ ਸਰੂਪ—ਸ੍ਰੀ ਗੁਰੂ ਗ੍ਰੰਥ ਸਾਹਿਬ ਬਾਰੇ ਟ੍ਰੈਕਟ ਵਲੋਂ ਭਾਈ ਰਾਮ ਸਿੰਘ ਜੀ | | | | ੦-੭੫ |


www.AKJ.Org

# ਸ਼ਹੀਦ ਭਾਈ ਤਾਰਾ ਸਿੰਘ ਜੀ "ਵਾਂ" (੫)

[ਕੈਪਟਿਨ ਸਵਰਨ ਸਿੰਘ ਜੀ]

## ਫ਼ੌਜਦਾਰ ਜਾਫ਼ਰ ਬੇਗ ਦੀ ਪੱਟੀਓਂ "ਵਾਂ" ਉਤੇ ਚੜ੍ਹਾਈ—

ਚੌਧਰੀ ਸਾਹਿਬ ਰਾਏ ਦੀ ਸਲਾਹ ਨੇ, ਕਿ ਚੜ੍ਹਾਈ ਪੂਰੀ ਤਿਆਰੀ ਨਾਲ ਕੀਤੀ ਜਾਵੇ, ਫੌਜਦਾਰ ਦੇ ਮਨ ਤੇ ਚੰਗਾ ਅਸਰ ਕੀਤਾ ਤੇ ਉਸ ਨੇ ਕਾਹਲੀ ਵਿਚ ਬਿਨਾਂ ਤਿਆਰੀ ਦੇ ਤੁਰਨ ਦੀ ਥਾਂ ਆਪਣੇ ਅਧੀਨ ਪਿਆਦਿਆਂ ਤੇ ਸਵਾਰਾਂ ਨੂੰ ਫਟਾ ਫਟ ਤਿਆਰੀ ਦਾ ਹੁਕਮ ਦੇ ਦਿਤਾ। ਦੋ ਦੋ ਡੰਗਾਂ ਦੇ ਛੋਲੇ ਤੇ ਗੁੜ ਜੁਆਨਾਂ ਲਈ ਤੇ ਘੋੜਿਆਂ ਦਾ ਦਾਣਾ ਤੋਬਰਿਆਂ ਵਿਚ ਪਾ ਕੇ ਅਸਤਰਾਂ ਸ਼ਸਤਰਾਂ ਤੇ ਦਾਰੂ ਸਿੱਕੇ ਨਾਲ ਲੈਸ ਕਰਕੇ ਇਹ ਸਾਰੀ ਨਫ਼ਰੀ ਸੂਰਜ ਛਿਪਦੇ ਦੇ ਨਾਲ ਉਸ ਖੁਲ੍ਹੇ ਮੈਦਾਨ ਵਿਚ ਇਕੱਠੀ ਕਰ ਲਈ, ਜੋ ਪੱਟੀ ਵਾਲੇ ਕਿਲ੍ਹੇ (ਅੱਜ ਕੱਲ ਇਸ ਵਿਚ ਪੁਲਸ ਦਾ ਠਾਣਾ ਹੈ) ਤੇ ਰੇਲਵੇ ਲਾਈਨ ਦੇ ਵਿਚਕਾਰ ਹੈ। ਇਸ ਥਾਂ ਨੂੰ ਪੜਾਅ ਕਿਹਾ ਜਾਂਦਾ ਸੀ। ਪਾਕਿਸਤਾਨ ਤੋਂ ਪਹਿਲਾਂ ਇਥੇ ਇਸਲਾਮੀ ਤਾਲੀਮ ਦਾ ਮਕਤਬ (ਸਕੂਲ) ਸੀ ਤੇ ਇਰਦ ਗਿਰਦ ਪੈਲੀਆਂ ਬੀਜੀਦੀਆਂ ਸਨ। ਮਕਤਬ ਵਾਲੀ ਥਾਂ ਪੋਲੀਸ ਸਟਾਫ਼ ਰਹਿੰਦਾ ਹੈ ਤੇ ਬਾਕੀ ਇਰਦ ਗਿਰਦ ਆਬਾਦੀ ਹੋ ਗਈ ਹੈ ਤੇ ਮੁਰਗੀਖਾਨੇ ਬਣ ਗਏ ਹਨ। ਪਹਿਲਾਂ ਅੱਸੀਆਂ (੮੦) ਦੀ ਪਿਆਦਾ ਨਫਰੀ ਨੂੰ ਤੁਰਨ ਦਾ ਹੁਕਮ ਹੋਇਆ ਤੇ ਕਿਹਾ ਗਿਆ ਕਿ ਮਾੜੀ ਕੰਬੋਕੀ ਅੱਪੜ ਕੇ, ਪਿੰਡੋਂ ਥੋੜਾ ਜਿਹਾ ਅੱਗੇ ਨਿਕਲ ਕੇ ਚੜ੍ਹਦੇ ਦਖਣ ਵਾਲੇ ਪਾਸੇ ਸਥਿਤ ਝਿੜੀ ਵਿਚ ਸਵਾਰਾਂ ਦੀ ਉਡੀਕ ਕਰਨ। ਇਹ ੮੦ ਪਿਆਦੇ ਕੁੱਲਾ, ਮਨਿਹਾਲਾ, ਕੱਚਾ ਪੱਕਾ ਬੂੜ ਚੰਦ ਨਾਮੀ ਪਿੰਡਾਂ ਲਾਗਿਓਂ ਲੰਘਦੀ ਜਰਨੈਲੀ ਸੜਕੇ ਪੈ ਕੇ, ਭਿਖੀਵਿੰਡ ਤੇ ਪਹੂਵਿੰਡ ਵਿਚਦੀ ਹੋ ਕੇ, ਮਾੜੀ ਕੰਬੋਕੀ ਦੇ ਚੜ੍ਹਦੇ ਪਾਸੇ ਵਲ ਦੀ ਲੰਘ ਕੇ, ਇਸ ਮਾੜੀ ਤੇ "ਵਾਂ" ਪਿੰਡ ਦੇ ਵਿਚਕਾਰ ਉਸ ਮਿਥੀ ਕਿਕਰਾਂ ਤੇ ਜੰਡਾਂ ਕਰੀਰਾਂ ਵਾਲੀ ਝਿੜੀ ਪਾਸ ਜਾ ਕੇ ਰੁਕ ਗਏ ਤੇ ਪਿਛੋਂ ਆਉਣ ਵਾਲੇ ਸਵਾਰਾਂ ਦੀ ਉਡੀਕ ਕਰਨ ਲਗੇ। ਇਹ ਅੱਧੀ ਰਾਤੋਂ ਪਹਿਲਾਂ ਹੀ ਅੱਪੜ ਗਏ ਸਨ। ਸੱਜਰ-ਸਾਹ ਹੋਣ ਲਈ ਪਹਿਰੂ ਖੜੇ ਕਰ ਕੇ ਸਸਤਾਉਣ ਲੱਗ ਪਏ।

ਅੱਧੇ ਕੁ ਪਹਿਰ ਦੀ ਵਿਥ ਤੇ ਜਾਫ਼ਰ ਬੇਗ ੫੦ ਸਵਾਰਾਂ ਦਾ ਦਸਤਾ ਲੈ ਕੇ ਉਸੇ ਰਾਹੇ "ਵਾਂ" ਨੂੰ ਮਗਰੇ ਚੜ੍ਹ ਪਿਆ। ਚੌਧਰੀ ਸਾਹਿਬ ਰਾਏ ਵੀ ਆਪਣੀ ਸਵਾਰੀ ਤੇ ਇਨ੍ਹਾਂ ਦੇ ਨਾਲ ਸੀ। ਇਹ ਦਸਤਾ ਮਾਰੋ ਮਾਰ ਕਰਦਾ ਹੋਇਆ ਅੱਧੀ ਰਾਤ ਦੇ ਲਾਗੇ-ਬੰਨੇ ਪਿਆਦਿਆਂ ਪਾਸ ਜਾ ਉਤਰਿਆ। ਦੋਵੇਂ ਦਸਤੇ ਹੁਣ ਸ਼ੇਰ ਦੇ ਘੁਰੇ ਤੋਂ ਮਸਾਂ ਦੋ ਕਿਲੋ ਮੀਟਰ ਦੂਰ ਸਨ। ਰਾਤ ਟਿਕੀ ਹੋਈ ਸੀ। "ਵਾਂ" ਤੇ ਮਾੜੀ ਕੰਬੋਕੀ ਵਾਲੇ ਪਾਸਿਓਂ ਕਿਤੇ ਕਿਤੇ ਭੌਂਕਦਿਆਂ ਕੁੱਤਿਆਂ ਦੀਆਂ ਅਵਾਜ਼ਾਂ ਭਲੀ ਭਾਂਤ ਸੁਣਾਈ ਦੇਂਦੀਆਂ ਸਨ। ਕਿਤੇ ਕਿਤੇ ਟਟਿਔਲ੍ਹੀਆਂ ਤੇ ਬਿਲ-ਬਤੌਰੀਆਂ ਦੀਆਂ ਇਕਾ ਦੁਕਾ ਅਵਾਜ਼ਾਂ ਤੋਂ ਬਿਨਾਂ ਝਿੜੀ ਦੇ ਆਸ ਪਾਸ ਐਨ ਚੁਪ ਚਾਂ ਸੀ। ਕੁਝ ਦੇਰ ਸਸਤਾ ਕੇ ਸਵਾਰਾਂ ਤੇ ਘੋੜਿਆਂ ਨੂੰ ਤਾਜ਼ਾ ਦਮ ਕਰਨ ਲਈ ਜਾਫਰ ਬੇਗ ਨੇ ਥੋੜੀ ਜਿਹੀ ਦੇਰ ਲਈ ਰੁਕ ਜਾਣਾ ਮੁਨਾਸਬ ਸਮਝਿਆ।

ਦੋ ਘੜੀਆਂ ਸਮਾਂ ਰੁਕ ਕੇ, "ਵਾਂ" ਨੱਗਰ ਵਲ ਧਾਈ ਕਰਕੇ ਵਧਣ ਦਾ ਹੁਕਮ ਹੋਇਆ। ਸਭ ਤੋਂ ਪਹਿਲਾਂ ਘੋੜ-ਸਵਾਰ ਤੁਰੇ। ਰੁਖਾਂ ਉਤੇ ਬੈਠੇ ਪੰਛੀ ਇਕ ਵਾਰ ਫੁਰ ਫੁਰ ਕਰ ਕੇ ਉਡੇ ਤੇ ਰਾਤ ਦੀਆਂ ਪਹਿਰੇਦਾਰ ਟਟਿਔਲ੍ਹੀਆਂ ਤੇ ਬਿਲਬਤੋਰੀਆਂ ਦੀ ਟੀਂ ਟੀਂ ਤੇ ਚਰਲ ਚਰਲ ਦਸ ਰਹੀ ਸੀ ਕਿ ਰਾਤ ਦੇ ਅੰਨ੍ਹੇਰੇ ਵਿਚ ਕੋਈ ਹਲਚਲ ਹੋ ਰਹੀ ਹੈ। ੮੦ ਪਿਆਦੇ ਆਪਣੀਆਂ ਰਫ਼ਲਾਂ ਭਰ ਕੇ ਅੱਧੇ ਕਿਲੋ ਮੀਟਰ ਦੀ ਵਿਥ ਉਤੇ ਸਵਾਰਾਂ ਦੇ ਪਿਛੇ ਪਿਛੇ ਰਵਾਨਾ ਹੋ ਪਏ। ਇਸ ਹੱਲੇ ਦੀ ਵਿਧੀ ਇਹ ਸੀ ਕਿ ਘੋੜ-ਸਵਾਰ ਅਗਲਵਾਂਢੀ ਹੋ ਕੇ ਵਾੜੇ ਨੂੰ ਘੇਰਾ ਪਾ ਲੈਣ, ਤੇ ਜੇ ਕੋਈ ਸਿੰਘ ਵਾੜਿਓਂ ਨਿਕਲ ਕੇ ਭਜਣ ਦਾ ਜਤਨ ਕਰੇ ਤਾਂ ਸਵਾਰ ਆਪਣੇ ਨੇਜ਼ਿਆਂ ਨਾਲ ਉਸ ਨੂੰ ਪਰੋ ਦੇਣ। ਇੰਜ ਵਾੜਾ ਘੇਰੀ ਰਖਣ ਤੇ ਕਿਸੇ ਨੂੰ ਨਿਕਲਣ ਨਾ ਦੇਣ, ਜਿੰਨਾ ਚਿਰ ਪਿਛੋਂ ਪਿਆਦਾ



www.AKJ.Org

ਦਸਤਾ ਨਹੀਂ ਆ ਜਾਂਦਾ। ਪਿਆਦੇ ਆ ਕੇ ਵਾੜੇ ਦਾ ਫਲ੍ਹਾ ਤੋੜ ਕੇ, ਤੇਜ਼ੀ ਨਾਲ ਹੱਲਾ ਕਰਕੇ ਅੰਦਰ ਵੜ ਜਾਣ ਤੇ ਸਿੰਘਾਂ ਨੂੰ ਸੰਭਲਣ ਤੋਂ ਪਹਿਲਾਂ ਪਹਿਲਾਂ ਸੁੱਤਿਆਂ ਨੂੰ ਹੀ ਨੱਪ ਲੈਣ। ਤੇ ਜੇ ਕੋਈ ਅੱਗੋਂ ਅੜੇ ਤਾਂ ਗੋਲੀ ਨਾਲ ਉਡਾ ਦੇਣ। ਬੜੀ ਅੱਛੀ ਵਿਧੀ ਤੇ ਉਚਾ ਇਰਾਦਾ ਬੰਨ੍ਹ ਕੇ ਤੁਰੇ ਜਾਂਦਿਆਂ ਨੂੰ ਸ਼ਾਇਦ ਇਹ ਨਹੀਂ ਸੀ ਪਤਾ ਕਿ ਉਨ੍ਹਾਂ ਦੀ 'ਸਥਿਤੀ' ਹੋਣੀ ਹਥੋਂ ਪ੍ਰੇਰੇ ਬਟੇਰਿਆਂ ਵਰਗੀ ਸੀ, ਜੋ ਬਾਜਾਂ ਦੇ ਆਲ੍ਹਣੇ ਨੂੰ ਉਡਾਰੀਆਂ ਭਰ ਰਹੇ ਹੋਣ।

**ਬਘੇਲ ਸਿੰਘ ਨਾਲ ਝੜਪ—**

ਅਜੇ ਸਵਾ ਪਹਿਰ ਦਾ ਤੜਕਾ ਸੀ ਕਿ ਬਘੇਲ ਸਿੰਘ ਵਿਲੋਂ ਭੁਸਿਆਂ ਵਾਲਾ ਇਕ ਹੱਥ ਪਾਣੀ ਦਾ ਭਰਿਆ ਗੜਵਾ, ਦੂਜੇ ਹੱਥ ਨੇਜਾ ਅਤੇ ਗਾਤਰੇ ਤਲਵਾਰ ਪਾਈ ਜੰਗਲ ਮੈਦਾਨ ਜਾਣ ਲਈ ਵਾੜਿਓਂ ਬਾਹਰ ਨਿਕਲਿਆ। ਉਸ ਨੂੰ ਚੜ੍ਹਦੇ ਪਾਸੇ ਆਪਣੇ ਖਬੇ ਹੱਥ ਵਲੋਂ ਰਾਤ ਦੇ ਅੰਨ੍ਹੇਰੇ ਵਿਚ ਤੁਰਦੇ ਘੋੜਿਆਂ ਦੇ ਸੁਮਾਂ ਦੀ ਵੌੜ ਆਈ ਤੇ ਇੰਜ ਲੱਗਾ ਜਿਵੇਂ ਇਹ ਵਾੜੇ ਵਲ ਆ ਰਹੇ ਹੋਣ। ਐਸ ਵੇਲੇ ਆਉਣ ਵਾਲੇ ਸਿੰਘ ਨਹੀਂ ਹੋ ਸਕਦੇ, ਕਿਉਂਕਿ ਇਸ ਵੇਲੇ ਜਾਂ ਇਸ ਤੋਂ ਥੋੜਾ ਜਿਹਾ ਪਿਛੋਂ ਸਿੰਘਾਂ ਦਾ, ਜੋ ਰਾਤ-ਕਟੀ ਵਾਸਤੇ ਵਾੜੇ ਅਟਕੇ ਹੋਣ, ਚਾਲੇ ਪਾਉਣ ਦਾ ਸਮਾਂ ਹੁੰਦਾ ਹੈ। ਪਰ ਇਹ ਤਾਂ ਵਾੜੇ ਵਲ ਆ ਰਹੇ ਹਨ। ਸਿੰਘ ਚੌਕਸ ਹੋ ਗਿਆ। ਉਸ ਨੇ ਸਮਝ ਲਿਆ ਕਿ ਜ਼ਰੂਰ ਕੋਈ ਰੜਕ ਹੈ। ਅਜੇ ਥੋੜੇ ਜਿਹੇ ਕਦਮ ਹੀ ਅਗੇ ਵਧਿਆ ਸੀ ਕਿ ਉਸ ਨੇ ਆਪਣੇ ਸਾਮ੍ਹਣੇ ਸਵਾਰਾਂ ਦਾ ਤਕੜਾ ਡਾਗਲਾ ਵੇਖਿਆ। ਦੋ ਸਵਾਰ ਦੂਜਿਆਂ ਨਾਲੋਂ ਅਗੇ, ਉਸ ਦੇ ਸਜੇ ਖੱਬੇ ਪਾਸਿਓਂ ਕਾਫ਼ੀ ਲਾਗੇ ਆ ਚੁਕੇ ਸਨ। ਬਘੇਲ ਸਿੰਘ ਨੇ ਕੜਕ ਕੇ ਪੁਛਿਆ, "ਕੌਣ ਹੋ ਤੁਸੀਂ? ਇਥੇ ਕਾਹਦੇ ਲਈ ਖੜੇ ਹੋ?" ਚੌਧਰੀ ਸਾਹਿਬ ਰਾਏ ਨੇ ਅਵਾਜ਼ ਪਛਾਣ ਕੇ ਫ਼ੌਜਦਾਰ ਨੂੰ ਕਿਹਾ ਕਿ ਸਾਰੇ ਪੁਆੜੇ ਦਾ ਮੁਢ ਇਹੋ ਹੀ ਹੈ। ਇਸ ਨੂੰ ਨਪੜ ਲੌ, ਇਹ ਨਾ ਨਿਕਲ ਜਾਵੇ। ਸੋ ਉਸੇ ਵੇਲੇ ਉਸ ਉਤੇ ਹੱਲਾ ਕੀਤਾ ਗਿਆ ਤੇ ਲਲਕਾਰਿਆ ਕਿ ਖ਼ਬਰਦਾਰ ਜੇ ਆਪਣੇ ਪੈਰਾਂ ਤੋਂ ਹਿਲਿਓਂ। ਜਾਨ ਜੋਖਮ ਸਮੇਂ ਹੀ ਅਡੋਲ ਰਹਿਣਾ ਸੂਰਮਗਤੀ ਦੀ ਪਰਖ ਹੁੰਦੀ ਹੈ। ਬਘੇਲ ਸਿੰਘ ਚਟਾਨ ਵਾਂਗ ਅਹਿਲ ਤੇ ਅਡੋਲ ਖੜਾ ਰਿਹਾ। ਉਸ ਨੇ ਵਾੜੇ ਵਲ ਪਿਛੇ ਭਜਣਾ ਜਾਂ ਮਦਦ ਲਈ ਸਿੰਘਾਂ ਨੂੰ ਉੱਚੀ ਆਵਾਜ਼ਾਂ ਮਾਰ ਕੇ ਸਦਣਾ ਕਾਇਰਤਾ ਸਮਝੀ। ਅਗਲਿਆਂ ਸਵਾਰਾਂ ਕੰਮ ਤਟ ਫਟ ਮੁਕਾ ਦੇਣ ਲਈ ਘੋੜੇ ਛੇੜ, ਅਗੇ ਵਧ ਕੇ, ਬਘੇਲ ਸਿੰਘ ਨੂੰ ਵਿਚਕਾਰ ਲੈ ਕੇ, ਆਪਣੇ ਨੇਜ਼ਿਆਂ ਨਾਲ ਵਿੰਨ੍ਹਣਾ ਚਾਹਿਆ। ਬਘੇਲ ਸਿੰਘ, ਜੋ ਸੰਭਲਿਆ ਖੜਾ ਸੀ, ਨੇ ਆਪਣੇ ਸੱਜੇ ਹਥ ਵਾਲੇ ਸਵਾਰ, ਜੋ ਉਸ ਦੇ ਬਹੁਤ ਲਾਗੇ ਆ ਚੁਕਿਆ ਸੀ, ਦੇ ਚੰਗੂ ਫਬਾ ਕੇ ਪਾਣੀ ਵਾਲਾ ਲੋਹੇ ਦਾ ਗੜਵਾ ਚਲਾਵਾਂ ਮਾਰਿਆ, ਜੋ ਸਵਾਰ ਦੀ ਬਜਾਏ ਘੋੜੇ ਦੇ ਮੱਥੇ ਚਿ ਵੱਜਾ ਤੇ ਉਹ ਤ੍ਰਬਕ ਕੇ ਪਿਛਲੇ ਪੈਰਾਂ ਤੇ ਸੀਖ-ਪਾ ਹੋ ਗਿਆ। ਇਸ ਤੋਂ ਪਹਿਲਾਂ ਕਿ ਸਵਾਰ ਉਸ ਨੂੰ ਕਾਬੂ ਕਰੇ ਤੇ ਉਸ ਦੇ ਸੁੰਮ ਭੁੰਜੇ ਲਗਣ, ਬਘੇਲ ਸਿੰਘ ਨੇ ਤਾਣ ਕੇ ਨੇਜ਼ਾ ਮਾਰਿਆ ਤੇ ਉਸ ਸਵਾਰ ਦੇ ਦੁਸਰ ਨਘਾ (ਲੰਘਾ) ਦਿਤਾ। ਘੋੜੇ ਦੇ ਅਗਲੇ ਪੌੜ ਭੁੰਜੇ ਲਗਣ ਤੋਂ ਪਹਿਲੋਂ ਸਵਾਰ ਧਰਤੀ ਤੇ ਡਿਗ ਕੇ ਤੜਫਣ ਲਗਾ। ਇਹ ਜਾਫਰ ਬੇਗ ਦਾ ਭਤੀਜਾ ਸੀ ਤੇ ਆਪਣੇ ਸਮੇਂ ਦਾ ਸਿਰਕੱਢ ਲੜਾਕਾ ਸੀ, ਤੇ ਚਾਹੁੰਦਾ ਸੀ ਕਿ ਬਘੇਲ ਸਿੰਘ ਨੂੰ ਆਪ ਕਾਬੂ ਕਰ ਕੇ ਨਾਮਣਾ ਖਟੇ। ਇਸ ਤੋਂ ਪਹਿਲਾਂ ਕਿ ਦੂਸਰਾ ਸਵਾਰ ਕੋਈ ਵਾਰ ਕਰੇ, ਬਘੇਲ ਸਿੰਘ ਨੇ ਉਸ ਨੂੰ ਵੀ ਨੇਜ਼ੇ ਨਾਲ ਵਿੰਨ੍ਹ ਕੇ ਘੋੜਿਓਂ ਉਲੱਦ ਕੇ ਥਲੇ ਮਾਰਿਆ। ਦੂਜੇ ਸਵਾਰ ਬੜੀ ਤੁੰਦੀ ਨਾਲ ਅਗੇ ਵਧੇ। ਹੁਣ ਬਘੇਲ ਸਿੰਘ ਪੂਰੀ ਤਰ੍ਹਾਂ ਸਵਾਰਾਂ ਵਿਚਕਾਰ ਘਿਰ ਚੁਕਿਆ ਸੀ ਤੇ ਉਸ ਉਤੇ ਚੁਫੇਰਿਓਂ ਨੇਜ਼ਿਆਂ ਦੇ ਵਾਰ ਹੋ ਰਹੇ ਸਨ। ਉਹ ਨੇਜ਼ਾ ਸੰਭਾਲੀ ਵਾਰਾਂ ਨੂੰ ਝਲਦਾ ਹੋਇਆ ਨੇਜ਼ੇ ਨਾਲ ਸਵਾਰਾਂ ਨੂੰ ਉਤੁੰਬਣ ਲੱਗ ਪਿਆ। ਰੁਖਾਂ ਤੇ ਝਾੜਾਂ ਨੇ ਬਘੇਲ ਸਿੰਘ ਦਾ ਬਹੁਤ ਬਚਾਅ ਕੀਤਾ। ਵਾੜੇ ਦੇ ਉਦਾਲੇ ਸੰਘਣੇ ਜੰਡ ਫਲਾਹੀ ਤੇ ਕਿਕਰਾਂ ਕਰੀਰ ਆਦਿ ਸਨ, ਜੋ ਸਵਾਰਾਂ ਦੀ ਪੇਸ਼ ਨਹੀਂ ਸਨ ਜਾਣ ਦੇਂਦੇ। ਸੰਘਣੇ ਰੁਖ ਤੇ ਉਤੋਂ ਅੰਨ੍ਹੇਰਾ, ਜੋ ਚੰਦ ਡੁਬ ਪੈਣ ਕਰਕੇ ਭਾਵੇਂ ਹੁਣ ਤਕ ਕਾਫ਼ੀ ਘਟ ਚਲਿਆ ਸੀ, ਸਵਾਰਾਂ ਲਈ ਬੜਾ ਹਾਨੀਕਾਰਕ



www.AKJ.Org

ਸਾਬਤ ਹੋਇਆ। ਸਵਾਰ ਖਿਝ ਖਿਝ ਕੇ ਬਘੇਲ ਸਿੰਘ ਉਤੇ ਨੇਜ਼ੇ ਚਲਾ ਰਹੇ ਸਨ, ਉਸ ਨੂੰ ਵੀ ਕਾਫ਼ੀ ਜ਼ਖਮ ਲੱਗ ਚੁਕੇ ਸਨ ਤੇ ਉਸ ਦੇ ਬਸਤਰ ਵੀ ਲਹੂ ਨਾਲ ਗੜੁੱਚ ਹੋ ਚੁਕੇ ਸਨ, ਪਰ ਵੈਰੀਆਂ ਉਤੇ ਉਸ ਦੇ ਝਪਟਿਆਂ ਵਿਚ ਕੋਈ ਫ਼ਰਕ ਨਾ ਆਇਆ, ਫਣ-ਖਾਧੇ ਸ਼ੇਰ ਵਾਂਗ ਉਸਦਾ ਰੋਹ ਦੂਣ ਸਵਾਇਆ ਹੋ ਗਿਆ ਸੀ। ਉਸ ਨੇ ਜਿਸ ਵਲ ਵੀ ਨੇਜ਼ਾ ਵਾਹਿਆ, ਉਸਦੀ ਧੁਰ ਦਰਗਾਹੋਂ ਮੁਕ ਗਈ। ਰੁਖਾਂ ਤੇ ਝਾੜਾਂ ਦੇ ਵਲਾਵਿਆਂ ਵਿਚ ਲੈ ਲੈ ਕੇ ਸਵਾਰਾਂ ਨੂੰ ਉੜੂੰਬ ਉੜੂੰਬ ਕੇ ਕਾਠੀਆਂ ਖ਼ਾਲੀ ਕਰ ਦਿਤੀਆਂ। ਇਜੜ ਵਿਚ ਘੁਸ ਕੇ ਜਿਵੇਂ ਚਿਤਰਾ ਛੇਲਿਆਂ ਦੇ ਆਹੂ ਲਾਹ ਸੁਟਦਾ ਹੈ, ਬਘੇਲ ਸਿੰਘ ਨੇ ਇਹੋ ਹੀ ਹਾਲ ਕਰ ਛਡਿਆ। ਲਗ ਪਗ ਸਾਰੇ ਸਵਾਰ, ਸਮੇਤ ਜਾਫ਼ਰ ਬੇਗ ਦੇ ਭਤੀਜੇ ਦੇ, ਮਾਰੇ ਜਾ ਚੁਕੇ ਸਨ। ਫ਼ੌਜਦਾਰ ਤੇ ਸਾਹਿਬ ਰਾਇ ਆਪਣੇ ਡਿਗੇ ਸਵਾਰਾਂ ਨੂੰ, ਤੇ ਜੋ ਅਜੇ ਸਹਿਕਦੇ ਸਨ, ਦੀਆਂ ਦਰਦ ਭਰੀਆਂ ਚੀਕਾਂ ਚੰਘਿਆੜਾਂ ਸੁਣ ਰਹੇ ਤੇ ਸਵਾਰਾਂ ਤੋਂ ਖ਼ਾਲੀ ਘੋੜੇ ਐਧਰ ਓਧਰ ਭਜੇ ਫਿਰਦੇ ਬੜੀ ਮਾਯੂਸੀ ਨਾਲ ਤਕ ਰਹੇ ਸਨ ਕਿ ਪਿਛੋਂ ੮੦ ਪਿਆਦੇ ਵੀ ਅੱਪੜ ਪਏ। ਅੱਗੋਂ ਇਕੋ ਕੱਲਮੁਕੱਲਾ ਤੇ ਲਹੂ ਨਾਲ ਲੱਤ ਪੱਤ ਹੋ ਚੁਕਿਆ ਸਿੰਘ ਵੈਰੀ ਨੂੰ ਵੰਗਾਰ ਰਿਹਾ ਸੀ। ਪਿਆਦਿਆਂ ਆਉਂਦਿਆਂ ਹੀ ਹੁਕਮ ਪਾ ਕੇ ਬੰਦੂਕਾਂ ਸਰੂ ਕਰ ਦਿਤੀਆਂ। ਚੰਦ ਹਣ ਤਕ ਕਾਫ਼ੀ ਉਚਾ ਹੋ ਚੁਕਿਆ ਸੀ ਤੇ ਰਾਤ ਹੁਣ ਚਾਨਣੀ ਹੋ ਜਾਣ ਕਰਕੇ ਪਹਿਲਾਂ ਵਾਲਾ ਲੁਕ-ਲੁਕਾ ਤਾਂ ਰਿਹਾ ਨਹੀਂ ਸੀ। ਇਕ ਗੋਲੀ ਬਘੇਲ ਸਿੰਘ ਦੇ ਪੱਟ ਵਿਚ ਆਣ ਲੱਗੀ। ਪਹਿਲਾਂ ਨੇਜ਼ਿਆਂ ਦੇ ਜ਼ਖਮ ਤੇ ਉਤੋਂ ਗੋਲੀ ਦਾ ਫੱਟ, ਪਰ ਉਸ ਦੀ ਹਿੰਮਤ ਤੇ ਉਸਦੇ ਰੋਹ ਵਿਚ ਫ਼ਰਕ ਨਹੀਂ ਆਇਆ। ਨੇਜ਼ਾ ਤਾਣ ਕੇ ਵੈਰੀਆਂ ਵਲ ਵਧਿਆ, ਜਿਵੇਂ ਜ਼ਖਮੀ ਸ਼ੇਰ ਗ਼ਾਰ ਵਿਚੋਂ ਬੁਕਦਾ ਹੋਇਆ ਨਿਕਲਦਾ ਹੈ। ਬੰਦੂਕਾਂ ਦੀ ਅਵਾਜ਼ ਨੇ ਵਾੜੇ ਅੰਦਰਲੇ ਸਿੰਘਾਂ ਨੂੰ ਖ਼ਬਰਦਾਰ ਕਰ ਦਿਤਾ, ਅਤੇ ਉਹ ਸਮਝ ਗਏ ਕਿ ਬਾਹਰ ਭਾਣਾ ਵਾਪਰ ਗਿਆ ਹੈ। ਤੇ ਵੈਰੀ ਬੰਦੂਕਾਂ ਦਾਗ ਰਿਹਾ ਹੈ। ਸੋ ਤੇਗਾਂ, ਨੇਜ਼ੇ, ਰਾਮ ਜੰਗੇ ਸੰਭਾਲ ਕੇ ਲਲਕਾਰਦੇ ਹੋਏ ਸਾਰੇ ਬਾਹਰ ਨਿਕਲੇ, ਅਤੇ ਇਹ ਧਾਰ ਲਈ ਕਿ ਅਗੇ ਵਧ ਕੇ ਵੈਰੀਆਂ ਨਾਲ ਹਥੋ ਹਥੀ ਨਿਬੜਿਆ ਜਾਵੇ। ਪਰ ਬੁਜ਼ਦਿਲ ਜਾਫਰ ਬੇਗ ਤੇ ਉਸਦੇ ਬੰਦੂਕਧਾਰੀ ਪਿਆਦੇ ਉਨ੍ਹਾਂ ਨੂੰ ਵੇਖਦੇ ਸਾਰ ਪਿਛੇ ਨੂੰ ਨਠ ਤੁਰੇ। ਅਚਨਚੇਤ ਕਿਸੇ ਭਜਣ ਲਗੇ ਕਾਇਰ ਸਿਪਾਹੀ ਦੀ ਗੋਲੀ ਬਘੇਲ ਸਿੰਘ ਦੀ ਛਾਤੀ ਵਿਚ ਆਣ ਲਗੀ ਤੇ ਉਹ ਸ਼ਹੀਦ ਹੋ ਗਿਆ। ਬਘੇਲ ਸਿੰਘ ਨੂੰ ਇਸ ਹਾਲਤ ਵਿਚ ਛਡ ਕੇ ਉਸਦੇ ਨਾਲ ਦੇ ਸਿੰਘਾਂ ਨਠੇ ਜਾਂਦੇ ਦੁਸ਼ਮਣ ਦਾ ਪਿਛਾ ਨਹੀਂ ਕੀਤਾ, ਜਿਸ ਕਰਕੇ ਭਗੌੜੇ ਬਚ ਨਿਕਲਣ ਵਿਚ ਸਫਲ ਹੋ ਗਏ।

**ਫ਼ੌਜਦਾਰ ਦਾ "ਵਾਂ" ਤੋਂ ਨੱਠ ਕੇ ਖਾਨ ਬਹਾਦਰ ਪਾਸ ਲਾਹੌਰ ਜਾਣਾ—**

ਜਾਫਰ ਬੇਗ ਐਥੋਂ ਜਿਉਂ ਡਰਦਾ ਮਾਰਾ ਨਠਿਆ ਕਿ ਕੰਬੋ ਕੀ ਮਾੜੀ ਜਾ ਸਾਹ ਲਿਆ। ਉਸਦੇ ਮਗਰੇ ੮੦ ਪਿਆਦੇ ਵਹੀਰਾਂ ਘਤ ਕੇ ਉਥੇ ਜਾ ਅੱਪੜੇ। ਇਹ ਸਾਰੇ ਉਸ ਥਾਂ ਜਾ ਇਕੱਠੇ ਹੋਏ ਜਿਥੇ ਅੱਜ ਕਲ ਬਾਬਾ ਸੁਖਾ ਸਿੰਘ ਸੂਰਬੀਰ ਦਾ ਗੁਰਦਵਾਰਾ ਪਿੰਡ ਦੇ ਦਖਣ ਵਾਲੇ ਪਾਸੇ ਬਣਿਆ ਹੋਇਆ ਹੈ। ਅਜੇ ਸੂਰਜ ਨਹੀਂ ਸੀ ਚੜ੍ਹਿਆ ਜਦ ਇਨ੍ਹਾਂ ਪਿੰਡ ਦੇ ਚੌਧਰੀ ਤੇ ਨੰਬਰਦਾਰਾਂ ਨੂੰ ਉਠਾ ਕੇ ਬਾਹਰ ਲੈ ਆਂਦਾ ਤੇ ਉਨ੍ਹਾਂ ਨੂੰ ਕਿਹਾ ਕਿ ਤੁਰੰਤ ਅਠ ਦਸ ਗੱਡੇ ਜੋਅ ਕੇ ਲੈ ਜਾਵੋ ਤੇ "ਵਾਂ" ਤਾਰਾ ਸਿੰਘ ਪਾਸ ਜਾ ਕੇ ਮਿੰਨਤ ਤਰਲਾ ਕਰ ਕੇ, ਉਸ ਦੇ ਵਾੜੇ ਲਾਗੇ ਜਿੰਨੀਆਂ ਲਾਸ਼ਾਂ ਪਈਆਂ ਹਨ ਤੇ ਜੇ ਕੋਈ ਸਵਾਰ ਸਹਿਕਦਾ ਵੀ ਹੋਵੇ, ਸਾਰਿਆਂ ਨੂੰ ਲੱਦ ਕੇ ਜਲਦੀ ਨਾਲ ਐਥੇ ਕੰਬੋ ਕੀ ਮਾੜੀ ਲੈ ਆਵੋ। ਤੁਸਾਂ ਘੋੜਿਆਂ ਜਾਂ ਹਥਿਆਰਾਂ ਬਾਰੇ ਕੋਈ ਗੱਲ ਨਹੀਂ ਕਰਨੀ, ਕਿਉਂਕਿ ਉਨ੍ਹਾਂ ਨੇ ਇਹ ਦੇਣੇ ਨਹੀਂ ਤੇ ਨਾ ਮਿਲਣੇ ਹੀ ਹਨ। ਨਿਮਰਤਾ ਨਾਲ ਮਿੰਨਤ ਹੀ ਕਰਨੀ ਹੈ। ਦੂਜਾ ਉਨ੍ਹਾਂ ਨੂੰ ਇਹ ਨਾ ਪਤਾ ਲਗੇ ਕਿ ਫ਼ੌਜਦਾਰ ਤੇ ਪਿਆਦੇ ਅਜੇ ਮਾੜੀ ਕੰਬੋਕੀ ਹੀ ਹਨ। ਪੁਛਣ ਤੇ ਕਹਿ ਦੇਣਾ ਕਿ ਵਾਪਸ ਪਰਤ ਗਏ ਹਨ ਤੇ ਲਾਸ਼ਾਂ ਤੇ ਫੱਟੜ ਮਗਰੇ ਭੇਜਣੇ ਹਨ।

ਵਾੜੇ ਵਾਲਿਆਂ ਸਿੰਘਾਂ ਨੇ ਤਾਰਾ ਸਿੰਘ ਦਾ ਹੁਕਮ ਪਾ ਕੇ ਸ਼ਹੀਦ ਹੋ ਚੁਕੇ ਬਘੇਲ ਸਿੰਘ ਦੇ ਸਰੀਰ ਦਾ



www.AKJ.Org

ਦਾਹ-ਸੰਸਕਾਰ ਕਰਨ ਦਾ ਪ੍ਰਬੰਧ ਕੀਤਾ। ਸਿੰਘਾਂ ਨੇ ਅਰਦਾਸ ਕਰ ਕੇ ਪ੍ਰਣ ਲਿਆ ਕਿ ਬਘੇਲ ਸਿੰਘ ਦੇ ਖ਼ੂਨ ਦਾ ਬਦਲਾ ਸਰਕਾਰ ਤੋਂ ਹਰ ਸੂਰਤ ਵਿਚ ਲਿਆ ਜਾਵੇਗਾ। ਵੈਰੀਆਂ ਦੇ ੫੦ ਘੋੜੇ ਤੇ ਸਾਰੇ ਹਥਿਆਰ, ਜਿਨ੍ਹਾਂ ਦੀ ਸਿੰਘਾਂ ਨੂੰ ਸਦਾ ਲੋੜ ਰਹਿੰਦੀ ਸੀ, ਲੋੜਵੰਦਾਂ ਵਿਚ ਵੰਡ ਦਿਤੇ। ਫੌਜਦਾਰ ਜੋ ਸਾਹਿਬ ਰਾਏ ਦੀਆਂ ਘੋੜੀਆਂ ਲੈਣ ਤੇ ਚੋਰ ਫੜਨ ਆਇਆ ਸੀ, ਸਗੋਂ ਆਪਣੇ ਕੋਲੋਂ ਹੋਰ ੫੦ ਘੋੜੇ ਘੋੜੀਆਂ ਦੇ ਗਿਆ ਤੇ ਬੰਦੇ ਡੂੰਗੇ ਵਿਚ ਮਰਵਾ ਗਿਆ।

## ਸਿੰਘਾਂ ਲਾਸ਼ਾਂ ਦੇ ਦਿਤੀਆਂ—

ਮਾੜੀ ਕੰਬੋਕੀ ਵਾਲੇ "ਵਾਂ" ਪੁਜੇ ਅਤੇ ਉਥੋਂ ਦੇ ਕੁਝ ਸਿਆਣੇ ਬਜ਼ੁਰਗ ਨਾਲ ਵਾੜੇ ਲਿਜਾ ਕੇ ਬੜੀ ਨਿਮਰਤਾ ਨਾਲ ਤਾਰਾ ਸਿੰਘ ਅਗੇ ਬੇਨਤੀ ਕੀਤੀ ਕਿ ਉਨ੍ਹਾਂ ਨੂੰ ਜ਼ਖਮੀ ਤੇ ਮੁਰਦੇ ਚੁਕ ਲੈਣ ਦਿਤੇ ਜਾਣ, ਤਾਕਿ ਮਾਰੇ ਜਾ ਚੁਕੇ ਸਵਾਰਾਂ ਨੂੰ ਦਫਨਾਇਆ ਜਾ ਸਕੇ। ਸਿੰਘਾਂ ਨੇ ਕੋਈ ਰੋਕ ਨਾ ਪਾਈ। ਹੁਣ ਤਕ ਸਹਿਕਦੇ ਜ਼ਖਮੀ ਵੀ ਖ਼ਤਮ ਹੋ ਚੁਕੇ ਸਨ। ਸਾਰੀਆਂ ਲਾਸ਼ਾਂ ਗੱਡਿਆਂ ਤੇ ਲੱਦ ਕੇ ਪਹਿਰ ਕੁ ਦਿਨ ਚੜ੍ਹੇ ਨੰਬਰਦਾਰ ਵਾਪਸ ਮਾੜੀ ਕੰਬੋਕੀ ਆ ਗਏ ਤੇ ਲਾਸ਼ਾਂ ਫ਼ੌਜਦਾਰ ਦੇ ਹਵਾਲੇ ਕੀਤੀਆਂ। ਇਹ ਲਾਸ਼ਾਂ ਕੀ ਸਨ, ਵਿੰਨ੍ਹੇ ਪਰੁੰਨੇ ਹੋਏ ਹੱਡ ਮਾਸ ਦੇ ਢੇਰ! ਜਾਫ਼ਰ ਬੇਗ ਤੇ ਪਿਆਦਿਆਂ ਦਾ ਵੇਖ ਕੇ ਤ੍ਰਾਹ ਨਿਕਲ ਗਿਆ ਕਿ ਇਹ ਇਕੋ ਸਿੰਘ ਦਾ ਕਾਰਾ ਹੈ। ਜੇ ਉਹ ਨਾ ਪਰਤਦੇ ਤੇ ਵਾੜੇ ਵਿਚੋਂ ਨਿਕਲ ਕੇ ਆਏ ਸਿੰਘਾਂ ਅਗੇ ਪਲ ਕੇ ਅੜਨ ਦੀ ਕੋਸ਼ਿਸ਼ ਕਰਦੇ ਤਾਂ ਉਨ੍ਹਾਂ ਦਾ ਕੀ ਹਾਲ ਹੁੰਦਾ? ਕੀਮਾ ਹੀ ਬਣਾ ਦੇਂਦੇ। ਸ਼ੁਕਰ ਹੈ, ਭਲੇ ਬਚ ਗਏ ਹਾਂ। ਖ਼ੁਦਾਵੰਦ ਪਾਕ ਨੇ ਹੱਥ ਦੇ ਕੇ ਰਖ ਲਿਆ ਹੈ।

ਜਾਫ਼ਰ ਬੇਗ ਨੇ ਆਪਣੇ ਭਤੀਜੇ ਤੇ ਉਸ ਦੇ ਸਾਥੀ ਦੀਆਂ ਲਾਸ਼ਾਂ ਹਾਥੀ ਉਤੇ ਲੱਦੀਆਂ ਤੇ ਗੱਡਿਆਂ ਵਾਲਿਆਂ ਨੂੰ ਹੁਕਮ ਦੇ ਕੇ ਕਿ ਉਸਦੇ ਪਿਛੇ ਲਾਹੌਰ ਵਲ ਨੂੰ ਤੁਰੇ ਆਉਣ, ਆਪ ਬਾਕੀ ਸਾਰਾ ਢੁਮ-ਢਾਣਾ ਲੈ ਕੇ ਵਾਹੋ ਦਾਹੀ ਲਾਹੌਰ ਵਲ ਵਗ ਤੁਰਿਆ। ਲਾਹੌਰ ਅੱਪੜ ਕੇ ਬਾਕੀ ਲਾਸ਼ਾਂ ਕਿਲ੍ਹੇ ਦੇ ਪਛਮੀ ਦਰਵਾਜ਼ੇ, ਜੋ ਸ਼ਾਹੀ ਮਸੀਤ ਵਲ ਖੁਲ੍ਹਦਾ ਹੈ, ਦੇ ਬਾਹਰ ਰਖ ਕੇ ਹਾਥੀ ਵਾਲੀਆਂ ਦੋਵੇਂ ਲਾਸ਼ਾਂ ਅੰਦਰ ਲਿਜਾ ਕੇ ਖਾਨ ਬਹਾਦਰ ਮੂਹਰੇ ਜਾ ਸੁਟੀਆਂ ਤੇ ਐਸੀ ਬੂ-ਪਾਹਰਿਆ ਮਚਾਈ ਤੇ ਝੂਠ ਸੱਚ ਗੰਢ ਕੇ ਆਪਣੀ ਕਾਇਰਤਾ ਲੁਕਾਉਣ ਲਈ ਸਿੰਘਾਂ ਦੀ ਐਨੀ ਤਾਕਤ ਦਸੀ ਕਿ ਸਾਰੇ ਦਰਬਾਰੀ ਹੈਰਾਨ ਹੋ ਕੇ ਮੂੰਹ ਵਿਚ ਉਂਗਲਾਂ ਪਾਉਣ ਲੱਗੇ। ਦਰਬਾਰ ਵਿਚ ਹਰ ਪਾਸੇ ਸਿਰਫ਼ ਇਸੇ ਹੀ ਗੱਲ ਦਾ ਚਰਚਾ ਹੋਣ ਲੱਗ ਪਿਆ, ਇਨ੍ਹਾਂ ਮੂਜ਼ੀਆਂ (ਸਿੰਘਾਂ) ਨਾਲ ਕਿਵੇਂ ਨਜਿਠਿਆ ਜਾਵੇ। ਭਾਂਤੋ ਭਾਂਤ ਪਏ ਬੋਲਣ। ਜਿੰਨੇ ਮੂੰਹ ਓਨੀਆਂ ਗੱਲਾਂ। ਕੋਈ ਕਹੇ, ਇਨ੍ਹਾਂ ਆਬ-ਏ-ਹਯਾਤ ਪੀਤਾ ਹੋਇਆ ਹੈ, ਇਹ ਮਾਰਿਆਂ ਨਹੀਂ ਮਰਨਗੇ। ਇਨ੍ਹਾਂ ਨਾਲ ਵਿਗਾੜ ਪਾਉਣ ਨਾਲੋਂ ਸੁਲਾਹ-ਸਫਾਈ ਹੀ ਚੰਗੀ ਹੈ। ਮੁਲਕ ਵਿਚ ਅਮਨ ਚੈਨ ਦੀ ਰੀਸ ਨਹੀਂ ਤੇ ਇਸੇ ਵਿਚ ਸਰਕਾਰ ਤੇ ਲੁਕਾਈ ਦਾ ਭਲਾ ਹੈ। ਇਨ੍ਹਾਂ ਨਾਲ ਖ਼ਾਹਮਖ਼ਾਹ ਪੰਗਾ ਪਾਈ ਰਖਣਾ ਕੋਈ ਦਾਨਾਈ ਨਹੀਂ। ਕੋਈ ਕਹੇ ਕਿ ਇੰਜ ਨਰਮ ਹੋਇਆਂ ਰਾਜ-ਪ੍ਰਬੰਧ ਕਿਵੇਂ ਚਲੂ? ਲਾਗੋਂ ਕਾਜ਼ੀ ਨੇ ਕਿਹਾ ਕਿ ਉਂਜ ਸਰਕਾਰ ਅੱਗੇ ਕੀ ਮੁਸ਼ਕਲ ਹੈ। ਪਰ ਇਨ੍ਹਾਂ ਨੂੰ ਕੋਈ ਰੱਬੀ ਤੌਫ਼ੀਕ ਹਾਸਲ ਹੈ ਕਿ ਜਿਥੇ ਇਨ੍ਹਾਂ ਦਾ ਲਹੂ ਡੁਲ੍ਹਦਾ ਹੈ ਉਥੇ ਇਹ ਹੋਰ ਬਹੁਤੇ ਉਗਵ ਆਉਂਦੇ ਹਨ। ਚੰਗੀ ਗੱਲ ਇਹ ਹੈ ਕਿ ਘੇਰਾ ਪਾ ਕੇ ਜੀਉਂਦੇ ਫੜ ਕੇ ਲਾਹੌਰ ਲੈ ਆਂਦੇ ਜਾਣ ਅਤੇ ਮੁੰਗਲੀਆਂ ਨਾਲ ਉਨ੍ਹਾਂ ਦੇ ਸਿਰ ਫੇਹ ਸੁਟੇ ਜਾਣ, ਲਹੂ ਡੁਲ੍ਹਣ ਨਾ ਦਿਤਾ ਜਾਵੇ ਤੇ ਸਮਝੋ ਫਿਰ ਇਹ ਹੋਰ ਨਹੀਂ ਉਗਵ ਸਕਣਗੇ ਤੇ ਇੰਜ ਇਨ੍ਹਾਂ ਦਾ ਖ਼ਾਤਮਾ ਹੋ ਜਾਵੇਗਾ। ਪਾਸੋਂ ਇਕ ਨੇ ਕਿਹਾ ਕਿ ਇਸ ਸ਼ੁਭ ਕੰਮ ਦੀ ਜ਼ਿਮੇਵਾਰੀ ਤੁਸੀਂ ਲਵੋ ਤੇ ਫੌਜ ਲੈ ਕੇ ਆਪ ਹੀ ਜਾ ਕੇ ਫੜ ਲਿਆਓ। ਇਹ ਸੁਣ ਕੇ ਕਾਜ਼ੀ ਹੁਰਾਂ ਦਾ ਖ਼ੂਨ ਹੀ ਖੁਸ਼ਕ ਹੋ ਗਿਆ। ਉਤਲਾ ਸਾਹ ਉਤਾਂਹ ਤੇ ਹੇਠਲਾ ਸਾਹ ਹੇਠਾਂ, ਕਾਜ਼ੀ ਸਾਹਿਬ ਤਾਂ ਦਫਨਾਉਣ ਵਾਲੇ ਹੋ ਗਏ।



www.AKJ.Org

**ਖਾਨ ਬਹਾਦਰ ਵਲੋਂ ਤਾਰਾ ਸਿੰਘ ਦੇ ਖ਼ਿਲਾਫ਼ ਮੁਹਿੰਮ ਭੇਜਣੀ–**

ਜਾਫ਼ਰ ਬੇਗ ਨਾਲ ਹੋਈ ਬੀਤੀ ਸੁਣ ਕੇ ਤੇ ਲਾਸ਼ਾਂ ਵੇਖ ਕੇ ਖਾਨ ਬਹਾਦਰ ਤਾਂਬੇ ਵਾਂਗ ਭੱਖ ਉਠਿਆ। ਆਪਣੇ ਮੁਸਾਹਿਬਾਂ ਨਾਲ ਸਲਾਹ ਮਸ਼ਵਰਾ ਕੀਤਾ ਤੇ ਫ਼ੈਸਲਾ ਹੋਇਆ ਕਿ ਤਾਰਾ ਸਿੰਘ ਦੇ ਖਿਲਾਫ਼ ਵਾਹਵਾ ਫੌਜ ਦੇ ਕੇ ਕਿਸੇ ਤਕੜੇ ਹੰਢੇ ਹੋਏ ਜਰਨੈਲ ਨੂੰ ਘਲਿਆ ਜਾਵੇ। ਇਸ ਲਈ ਖਾਨ ਬਹਾਦਰ ਨੇ ਇਸ ਮੁਹਿੰਮ ਦੀ ਕਮਾਨ ਆਪਣੇ ਚੋਣਵੇਂ ਅਮੀਰ ਮੋਮਨ ਖਾਨ ਨੂੰ ਦਿਤੀ ਅਤੇ ੨੨੦੦ ਸਵਾਰ, ੪੦ ਜ਼ੰਬੂਰੇ, ੪ ਰਹਿਕਲੇ ਅਤੇ ੫ ਹਾਥੀ ਉਸ ਦੇ ਸਪੁਰਦ ਕਰ ਦਿਤੇ। ਮੋਮਨ ਖ਼ਾਨ ਨਾਲ ਤੱਕੀ ਬੇਗ ਵੀ ਕੀਤਾ ਗਿਆ ਤੇ ਹਦਾਇਤ ਕੀਤੀ ਗਈ ਕਿ ਅੱਵਲ ਤਾਂ ਇਨ੍ਹਾਂ ਰਾਜ-ਵਿਧ੍ਰੋਹੀਆਂ ਨੂੰ ਜ਼ਿੰਦਾ ਫੜ ਕੇ ਲਿਆਉਣਾ ਹੈ, ਪਰ ਜੇ ਮੁਕਾਬਲਾ ਕਰਨ ਤਾਂ ਇਨ੍ਹਾਂ ਦਾ ਮੁਕੰਮਲ ਸਫ਼ਾਇਆ ਕਰ ਕੇ, ਸਿਰ ਵਢ ਲਿਆਉਣੇ ਹਨ। ਮੋਮਨ ਖਾਨ ਨੇ ਧੌਂਸਾ ਮਾਰ ਕੇ ਦਿਲੀ ਦਰਵਾਜ਼ਿਓਂ ਬਾਹਰ ਡੇਰਾ ਆਣ ਲਾਇਆ ਅਤੇ ਸਵਾਰ ਭਰਤੀ ਕਰਨ ਲਈ ਮੁਨਾਦੀ ਕਰਾ ਦਿਤੀ। ਉਸ ਸਮੇਂ ਦਾ ਇਹ ਆਮ ਰਿਵਾਜ ਸੀ ਕਿ ਜਦ ਕਿਸੇ ਅਮੀਰ ਨੂੰ ਕਿਸੇ ਮੁਹਿੰਮ ਦੀ ਸਰਦਾਰੀ ਮਿਲਦੀ ਤਾਂ ਧੌਂਸਾ ਮਾਰ ਕੇ ਸ਼ਹਿਰੋਂ ਬਾਹਰ ਡੇਰਾ ਕਰ ਲੈਂਦਾ। ਅਤੇ ਲੋੜ ਮੂਜਬ ਫੌਜ ਲਈ ਸਵਾਰ ਤੇ ਪਿਆਦੇ ਭਰਤੀ ਕਰ ਕੇ ਰਸਦ ਪੱਠਾ ਤੇ ਦਾਰੂ ਸਿੱਕਾ ਇਕੱਠਾ ਕਰ ਕੇ, ਆਪਣੀ ਮੁਹਿੰਮ ਨੂੰ ਸਰ ਕਰਨ ਲਈ ਉਸ ਪਾਸੇ ਨੂੰ ਕੂਚ ਕਰ ਜਾਂਦਾ। ਸੋ ਹੁਣ ਮੋਮਨ ਖਾਨ ਵੀ ਆਪਣੀ ਲੋੜ ਮੂਜਬ ਸਵਾਰ ਭਰਤੀ ਕਰਨ ਲੱਗਾ। ਬੰਦਾ ਸਿੰਘ ਬਹਾਦਰ ਜਦ ਦਖਣੋਂ ਪੰਜਾਬ ਵਲ ਆਇਆ ਸੀ ਤਾਂ ਲਾਹੌਰੋਂ ਅਸਲਾਮੀ ਝੰਡੇ ਥਲੇ ਦੋ ਵਾਰ ਈਦਗਾਹੋਂ ਜਹਾਦ ਲਈ ਗਾਜ਼ੀ ਤੁਰੇ ਸਨ। ਪਹਿਲਾਂ ਨੇਸ਼ਟਾ-ਭਰਲੀ ਲਈ ਤੇ ਫਿਰ ਕੁਝ ਚਿਰ ਪਿਛੋਂ ਕੋਟਲਾ ਬੇਗਮ ਵਿਚ ਇਕੱਠੇ ਹੋਏ ਸਿੰਘਾਂ ਵਿਰੁਧ। ਦੋਵੇਂ ਵਾਰੀ ਜਹਾਦੀਆਂ ਦੇ ਸਿੰਘਾਂ ਨੇ ਸੱਥਰ ਵਿਛਾ ਦਿਤੇ ਸਨ। ਭੀਲੋਵਾਲ ਵਿਚ ਸਿੰਘਾਂ ਹਥੋਂ ਹੋਈ ਕਤਲਾਮ ਗਾਜ਼ੀ ਅਜੇ ਨਹੀਂ ਸਨ ਭੁਲੇ। ਪਹਿਲਾਂ ਵਾਂਗ ਸ਼ਹਿਰ ਦੇ ਜੁਲਾਹਿਆਂ ਮੋਚੀਆਂ ਤੇਲੀਆਂ, ਸੱਕਿਆਂ ਤੇ ਖੋਜਿਆਂ ਆਦਿ ਨੇ ਇਧਰ ਮੂੰਹ ਨਹੀਂ ਕੀਤਾ। ਸੋ ਨਫ਼ਰੀ ਪੂਰੀ ਕਰਨ ਲਈ ਲਾਹੌਰ ਸ਼ਹਿਰ ਦੇ ਨਾਲ ਲਗਵੇਂ ਪਿੰਡਾਂ ਵਿਚ ਪਲਾ ਫੇਰਿਆ ਗਿਆ ਤੇ ਭਰਤੀ ਸ਼ੁਰੂ ਕੀਤੀ ਗਈ। "ਚਲਦਾ"

---

# ਰੋਮਾਂ ਦੀ ਬੇਅਦਬੀ

[ਵਲੋਂ ਭਾਈ ਹਰਮਿੰਦਰ ਸਿੰਘ ਜੀ]

ਸਿਖ ਧਰਮ ਦੀਆਂ ਰਵਾਇਤਾਂ ਅਤੇ ਰਹਿਤ ਬਹਿਤ ਨੂੰ ਕਾਇਮ ਰਖਣ ਵਿਚ ਸਿਖ ਬੀਬੀਆਂ, ਕੌਮ ਦੇ ਨੌਜੁਆਨਾਂ ਨੂੰ ਸਿਧੇ ਰਸਤੇ ਤੋਰਦੀਆਂ ਰਹੀਆਂ ਹਨ। ਪਰ ਅਜ ਇਹ ਦੁਖੀ ਹਿਰਦੇ ਨਾਲ ਕਹਿਣਾ ਪੈ ਰਿਹਾ ਹੈ ਕਿ ਸਿਖ ਬੀਬੀਆਂ ਆਪ ਹੀ ਫ਼ੈਸ਼ਨ ਦੇ ਹੜ੍ਹ ਵਿਚ ਰੁੜ੍ਹੀਆਂ ਜਾ ਰਹੀਆਂ ਹਨ। ਇਸ ਹਾਰ-ਸ਼ਿੰਗਾਰ ਦੇ ਮਾਰੂ ਅਸਰ ਹੇਠ ਭਰਵੱਟਿਆਂ ਨੂੰ ਕਟਣ ਤੇ ਸਜਾਣ ਦਾ ਫੈਸ਼ਨ ਤਾਂ ਬੀਬੀਆਂ ਵਿਚ ਬਹੁਤ ਹੀ ਵਧ ਗਿਆ ਹੈ ਅਤੇ ਇਸ ਕੋੜ੍ਹੇ ਫ਼ੈਸ਼ਨ ਦੀ ਲਪੇਟ ਵਿਚ ਫਸ ਕੇ ਅਨੇਕਾਂ ਸਿਖ ਬੀਬੀਆਂ ਵੀ ਭਰਵੱਟਿਆਂ ਦੇ ਰੋਮ ਸਫ਼ਾ-ਚੱਟ ਕਰਵਾ ਰਹੀਆਂ ਹਨ।

ਸਰੀਰ ਦਾ ਹਰੇਕ ਰੋਮ ਕੇਸ ਹੈ। ਸਰੀਰ ਦੇ ਕਿਸੇ ਹਿਸੇ ਤੋਂ ਵੀ ਰੋਮ ਕਟਾਉਣੇ ਸਿਖੀ ਤੋਂ ਖ਼ਾਰਜ ਹੋਣਾ ਹੈ। ਸਾਡੀ ਨਿਤ ਦੀ ਅਰਦਾਸ ਹੈ ਕਿ ਸਿਖੀ ਕੇਸਾਂ ਸੁਆਸਾਂ ਨਾਲ ਨਿਭੇ, ਕੀ ਇਹ ਅਰਦਾਸ ਬੀਬੀਆਂ ਲਈ ਨਹੀਂ ? ਅਜ ਸਿਖ ਬੀਬੀਆਂ ਭਰਵੱਟੇ ਮੁੰਨ ਕੇ ਆਪ ਹੀ ਪਤਿਤ ਕਰਮ ਕਰ ਰਹੀਆਂ ਹਨ ਅਤੇ ਸਤਿਗੁਰੂ ਤੋਂ ਬੇਮੁਖ ਹੋ ਰਹੀਆਂ ਹਨ। ਫ਼ੈਸ਼ਨਾਂ ਪਿਛੇ ਸਿੱਖੀ ਨੂੰ ਤਿਲਾਂਜਲੀ ਦੇਣੀ, ਅਤੇ ਗੁਰੂ ਤੋਂ ਬੇਮੁਖ ਹੋਣਾ ਕਿਥੋਂ ਦੀ ਸਿਆਣਪ ਹੈ ! ਇਸ ਸਿਖੀ ਨੂੰ ਕੇਸਾਂ ਸੁਆਸਾਂ ਨਾਲ ਨਿਭਾਉਣ ਲਈ ਸਾਡੇ ਬਜ਼ੁਰਗਾਂ ਨੇ ਬੰਦ ਬੰਦ ਕਟਵਾਏ, ਖੋਪਰ ਲੁਆਏ ਤੇ ਚਰਖੜੀਆਂ ਤੇ ਚੜ੍ਹੇ, ਪਰ ਅਜ ਫ਼ੈਸ਼ਨਾਂ ਵਿਚ ਰੁੜ੍ਹ ਕੇ ਬੀਬੀਆਂ ਸਿੱਖੀ ਨੂੰ ਜੁਆਬ ਦੇ ਰਹੀਆਂ ਹਨ। ਇਸ ਬੁਰਾਈ ਨੂੰ ਰੋਕਣ ਲਈ ਸਾਨੂੰ ਕਦੋਂ ਹੋਸ਼ ਆਉਣੀ ਹੈ ?

www.AKJ.Org

# ਫ਼ਿਰਕੂ ਦੰਗਿਆਂ ਲਈ ਜ਼ਿੰਮੇਵਾਰ ਕੌਣ?

[ਭਗਤ ਪੂਰਨ ਸਿੰਘ ਜੀ ਬਾਨੀ ਪਿੰਗਲਵਾੜਾ, ਸ੍ਰੀ ਅੰਮ੍ਰਿਤਸਰ]

੩੧ ਅਕਤੂਬਰ ਤੋਂ ੪ ਨਵੰਬਰ ਤਕ ਭਾਰਤ ਦੇ ਵੱਖ ਵੱਖ ਹਿੱਸਿਆਂ ਵਿਚ ਸਿੱਖਾਂ ਦਾ ਜੋ ਕਤਲੇਆਮ ਹੋਇਆ ਹੈ, ਇਸ ਦੀ ਮਿਸਾਲ ਸੰਸਾਰ ਦੇ ਇਤਿਹਾਸ ਵਿਚ ਨਹੀਂ ਮਿਲਦੀ। ਭਵਿਖ ਵਿਚ ਅਜਿਹੇ ਕਤਲੇ-ਆਮ ਦੀ ਰੋਕ ਥਾਮ ਲਈ ਅੰਮ੍ਰਿਤਸਰ ਦੇ ਸਤਾਰ੍ਹਾਂ ਬੁੱਧੀਜੀਵੀਆਂ ਨੇ ਪ੍ਰਧਾਨ ਮੰਤਰੀ ਸ੍ਰੀ ਰਾਜੀਵ ਗਾਂਧੀ ਨੂੰ ਇਕ ਪੱਤਰ ਲਿਖਿਆ ਸੀ ਤੇ ਸੁਝਾਉ ਦਿੱਤਾ ਸੀ ਕਿ ਫ਼ਸਾਦ-ਜ਼ਦਾਹ ਮਾਰ ਹੇਠਾਂ ਇਲਾਕਿਆਂ ਨੂੰ ਤੁਰੰਤ ਫੌਜ ਦੇ ਹਵਾਲੇ ਕੀਤਾ ਜਾਏ ਅਤੇ ਅਪਰਾਧੀਆਂ ਦੀ ਭਾਲ ਕਰ ਕੇ ਉਨ੍ਹਾਂ ਨੂੰ ਸਬਕ ਸਿਖਾਉਣ ਲਈ ਇਬਰਤਨਾਕ ਸਜ਼ਾਵਾਂ ਦਿੱਤੀਆਂ ਜਾਣ। ਇਹ ਵੀ ਸੁਝਾਉ ਦਿੱਤਾ ਗਿਆ ਸੀ ਕਿ ਮਜ਼ਲੂਮਾਂ ਨੂੰ ਆਪਣੇ ਆਪਣੇ ਘਰੀਂ ਭੇਜਣ ਤੋਂ ਪਹਿਲਾਂ ਉਨ੍ਹਾਂ ਨੂੰ ਪੂਰਾ ਪੂਰਾ ਮੁਆਵਜ਼ਾ ਦਿੱਤਾ ਜਾਏ ਤਾਂ ਕਿ ਉਹ ਆਪਣਾ ਕਾਰੋਬਾਰ ਮੁੜ ਸ਼ੁਰੂ ਕਰ ਕੇ ਸੁਰੱਖਿਆ ਨਾਲ ਜੀਵਨ ਨਿਰਬਾਹ ਕਰ ਸਕਣ। ਸ੍ਰੀ ਰਾਜੀਵ ਗਾਂਧੀ ਨੇ ਨਾ ਤੇ ਇਨ੍ਹਾਂ ਸੁਝਾਵਾਂ ਤੇ ਕੋਈ ਅਮਲ ਕੀਤਾ ਹੈ ਅਤੇ ਨਾ ਹੀ ਉਕਤ ਬੁੱਧੀਜੀਵੀਆਂ ਦੀ ਚਿੱਠੀ ਦਾ ਉਤਰ ਦਿੱਤਾ ਹੈ। ਇਸ ਲਈ ਇਹ ਬੁੱਧੀਜੀਵੀ ਹੁਣ ਲੋਕਾਂ ਦੀ ਕਚਹਿਰੀ ਵਿਚ ਇਹ ਦਸਣਾ ਉਚਿਤ ਸਮਝਦੇ ਹਨ ਕਿ ਇਸ ਬੇਪਨਾਹ ਜ਼ੁਲਮ, ਬਰਬਰੀਅਤ ਅਤੇ ਵਹਿਸ਼ੀਆਨਾਪਨ ਦੀ ਜ਼ਿੰਮੇਵਾਰੀ ਕਿਸ ਉਪਰ ਆਉਂਦੀ ਹੈ।

ਦਿੱਲੀ ਦੇ ਦੋ ਵਿਦਵਾਨਾਂ ਸ੍ਰੀ ਗੋਬਿੰਦਾ ਮਖੌਟੇ ਅਤੇ ਰਜਨੀ ਕੋਠਾਰੀ ਨੇ ਸਿੱਖਾਂ ਦੇ ਇਸ ਕਤਲੇਆਮ ਦੀ ਵਿਥਿਆ ਆਪਣੀ ਪੁਸਤਕ 'ਹੂ ਆਰ ਦਾ ਗਿਲਟੀ' ਅਰਥਾਤ 'ਅਪਰਾਧੀ ਕੌਣ ਹਨ' ਵਿਚ ਵੇਰਵੇ ਅਨੁਸਾਰ ਦਸੀ ਹੈ ਅਤੇ ਇਸ ਨੂੰ ਦਿੱਲੀ ਦੇ ਹੁਕਮਰਾਨਾਂ, ਰਾਜਸੀ ਲੀਡਰਾਂ, ਪੁਲਸ, ਫੌਜ ਤੇ ਗੁੰਡਿਆਂ ਦੀ ਮਿਲੀ-ਭੁਗਤ ਦਾ ਸਿੱਟਾ ਦਸਿਆ ਹੈ। ਉਕਤ ਦੋਹਾਂ ਵਿਦਵਾਨਾਂ ਨੇ ਬੜੀ ਦਲੇਰੀ, ਜੁਰਅਤ ਤੇ ਸਪਸ਼ਟ ਬੇਲਾਗ ਤਰੀਕੇ ਨਾਲ ਇਸ ਰੌਂਗਟੇ ਖੜੇ ਕਰ ਦੇਣ ਵਾਲੀ ਹਕੀਕਤ ਤੋਂ ਪਰਦਾ ਉਠਾਇਆ ਹੈ। ਸਾਰੇ ਦੇਸ਼ ਅਤੇ ਵਿਸ਼ੇਸ਼ ਰੂਪ ਵਿਚ ਪੰਜਾਬ ਵਿਚ ਵਾਪਰੀਆਂ ਪਿਛਲੇ ਦੋ ਵਰ੍ਹੇ ਦੀਆਂ ਘਟਨਾਵਾਂ ਨੂੰ ਪਿਛੋਕੜ ਵਿਚ ਰਖ ਕੇ ਸ੍ਰੀ ਗੋਬਿੰਦਾ ਮਖੌਟੇ ਅਤੇ ਰਜਨੀ ਕੋਠਾਰੀ ਦੀ ਖੋਜ ਦਾ ਅਧਿਐਨ ਕੀਤਾ ਜਾਏ ਤਾਂ ਨਿਰਸੰਦੇਹ ਇਹੀ ਨਤੀਜਾ ਨਿਕਲਦਾ ਹੈ ਕਿ ਇਸ ਸਾਰੀ ਸ਼ਰਮਨਾਕ ਖੇਡ ਦੀ ਜ਼ਿੰਮੇਵਾਰੀ ਸਿੱਧੇ ਤੌਰ ਤੇ ਕੇਂਦਰੀ ਸਰਕਾਰ ਤੇ ਆਉਂਦੀ ਹੈ। ਪਰਿਵਾਰਾਂ ਸਮੇਤ ਹਜ਼ਾਰਾਂ ਸਿੱਖਾਂ ਦੇ ਜ਼ਿੰਦਾ ਜਲਾਏ ਜਾਣ ਦੀ ਪ੍ਰਧਾਨ ਮੰਤਰੀ ਨੂੰ ਉੱਕਾ ਕੋਈ ਫ਼ਿਕਰ ਚਿੰਤਾ ਨਹੀਂ ਸੀ। ਸ੍ਰੀ ਰਾਜੀਵ ਗਾਂਧੀ ਸਿੱਖਾਂ ਦੇ ਇਸ ਤਰ੍ਹਾਂ ਡੁਲ੍ਹਦੇ ਲਹੂ ਦੀ ਮਹੱਤਤਾ ਸਮਝਣ ਦੇ ਅਸਮਰਥ ਸਨ। ਸ੍ਰੀ ਰਾਜੀਵ ਗਾਂਧੀ ਨੂੰ ਕੇਵਲ ਇਹੀ ਫ਼ਿਕਰ ਸੀ ਕਿ ਕਿਵੇਂ ਦੇਸ਼ ਵਿਚ ਫ਼ੌਰੀ ਤੌਰ ਤੇ ਪਾਰਲੀਮੈਂਟ ਦੀ ਚੋਣ ਕਰਾਈ ਜਾਵੇ ਤਾਂ ਕਿ ਉਨ੍ਹਾਂ ਨੂੰ ਪਿਤਾ-ਪੁਰਖੀ ਤੋਂ ਮਿਲੀ ਰਾਜਸੀ ਤਾਕਤ ਵੀ ਵਿਰਾਸਤ ਉਨ੍ਹਾਂ ਦੇ ਹੱਥ ਵਿਚ ਰਹਿ ਸਕੇ। ਜਿਨ੍ਹਾਂ ਲੋਕਾਂ ਨੂੰ ਅਜਿਹੀ ਫ਼ਿਕਰ ਸਤਾਉਂਦੀ ਹੋਵੇ, ਉਹ ਜਨਤਾ ਤੇ ਹੋਏ ਅਤਿਆਚਾਰਾਂ ਦੀ ਸੋਝੀ ਕਿਵੇਂ ਰੱਖ ਸਕਦੇ ਹਨ?

ਦੂਜੇ ਪਾਸੇ ਸ੍ਰੀ ਰਾਜੀਵ ਗਾਂਧੀ ਨੇ ਅਜੇ ਇਨ੍ਹਾਂ ਭਿਆਨਕ ਵਾਕਿਆਤ ਦੀ ਨਿੰਦਾ ਹੀ ਨਹੀਂ ਕੀਤੀ, ਸਗੋਂ ਇਨ੍ਹਾਂ ਕਤਲਾਂ ਦੇ ਤੁਰੰਤ ਮਗਰੋਂ ਬੋਟ ਕਲੱਬ ਦਿੱਲੀ ਅਤੇ ਕਾਨਪੁਰ ਆਦਿ ਥਾਵਾਂ ਤੇ ਆਪਣੀਆਂ ਤਕਰੀਰਾਂ ਵਿਚ ਇਨ੍ਹਾਂ ਕਤਲਾਂ ਨੂੰ ਜਾਇਜ਼ ਠਹਿਰਾਉਣ ਦਾ ਵੀ ਯਤਨ ਕੀਤਾ ਹੈ। ਹਾਲਾਂ ਕਿ ਇਨ੍ਹਾਂ ਦੀ ਸੁਰੱਖਿਆ ਦੀ ਜ਼ਿੰਮੇਵਾਰੀ ਪ੍ਰਧਾਨ ਮੰਤਰੀ ਦੀ ਹੀ ਸੀ। ਜੇ ਇਨ੍ਹਾਂ ਦੀ ਸੁਰੱਖਿਆ ਦੀ ਜ਼ਿੰਮੇਵਾਰੀ ਸ੍ਰੀ ਰਾਜੀਵ ਗਾਂਧੀ ਪ੍ਰਧਾਨ ਮੰਤਰੀ ਦੀ ਨਹੀਂ ਸੀ ਤਾਂ ਉਹ ਦਸਣ ਕਿ ਇਸ ਦਾ ਜ਼ਿੰਮੇਵਾਰ ਹੋਰ ਕੌਣ ਸੀ?

ਹੁਕਮਰਾਨ ਪਾਰਟੀ ਕਾਂਗਰਸ (ਆਈ) ਨੇ ਵਰ੍ਹਿਆਂ ਬੱਧੀ ਪੰਜਾਬ ਦਾ ਰਾਜਸੀ ਮਸਲਾ ਲਟਕਾਈ ਰੱਖਿਆ



www.AKJ.Org

ਤਾਂ ਕਿ ਪਾਰਲੀਮੈਂਟ ਦੀਆਂ ਅਗਲੀਆਂ ਚੋਣਾਂ ਵਿਚ ਇਸ ਦਾ ਰਾਜਸੀ ਲਾਭ ਉਠਾਇਆ ਜਾ ਸਕੇ। ਸ੍ਰੀ ਦਰਬਾਰ ਸਾਹਿਬ ਵਿਰੁਧ ਫੌਜੀ ਕਾਰਵਾਈ ਕਰਨ ਤੋਂ ਇਕ ਹਫਤਾ ਪਹਿਲਾਂ ਵੀ ਨਾ ਸਿੱਖਾਂ ਅਤੇ ਨਾ ਹੀ ਕਿਸੇ ਹੋਰ ਨੂੰ ਇਹ ਪਤਾ ਸੀ ਕਿ ਦਰਬਾਰ ਸਾਹਿਬ ਵਿਰੁਧ ਫੌਜੀ ਕਾਰਵਾਈ ਹੋਣ ਵਾਲੀ ਹੈ। ਇਸ ਦੇ ਉਲਟ ਸ੍ਰੀਮਤੀ ਗਾਂਧੀ ਅਤੇ ਖ਼ੁਦ ਰਾਜੀਵ ਗਾਂਧੀ ਵੀ ਦੇਸ਼ ਨੂੰ ਇਹੀ ਯਕੀਨ ਦਿਲਾਂਦੇ ਰਹੇ ਕਿ ਭਾਵੇਂ ਦਰਬਾਰ ਸਾਹਿਬ ਵਿਰੁਧ ਫੌਜੀ ਕਾਰਵਾਈ ਤੇ ਕੋਈ ਰੋਕ ਨਹੀਂ, ਪਰ ਉਹ ਅਜਿਹਾ ਕਰਨਗੇ ਨਹੀਂ। ਸ੍ਰੀਮਤੀ ਗਾਂਧੀ ਨੇ ਅਜਿਹੀ ਫੌਜੀ ਕਾਰਵਾਈ ਕਰਨ ਤੋਂ ਪਹਿਲਾਂ ਇਹ ਸੋਚਣ ਦੀ ਤਕਲੀਫ ਨਹੀਂ ਕੀਤੀ ਕਿ ਦੇਸ਼ ਦੀ ਵੰਡ ਤੋਂ ਪਹਿਲਾਂ ਸਿੱਖਾਂ ਨੂੰ ਜਵਾਹਰ ਲਾਲ ਨਹਿਰੂ, ਸਰਦਾਰ ਪਟੇਲ ਅਤੇ ਉਸ ਸਮੇਂ ਹੋਰ ਅਨੇਕਾਂ ਸਨਮਾਨਿਤ ਕਾਂਗਰਸੀ ਨੇਤਾਵਾਂ, ਜਿਨ੍ਹਾਂ ਵਿਚ ਮਹਾਤਮਾ ਗਾਂਧੀ ਵੀ ਸ਼ਾਮਲ ਸਨ, ਸਿੱਖਾਂ ਨੂੰ ਭਾਰਤ ਵਿਚ ਪੂਰਨ ਸੁਰੱਖਿਆ ਦੇ ਵਚਨ ਦਿਤੇ ਸਨ।

ਇੰਨੇ ਉਘੇ ਰਾਜਸੀ ਨੇਤਾਵਾਂ ਵਲੋਂ ਦਿਤੇ ਵਚਨਾਂ ਦੀ ਖੁਲ੍ਹਮ ਖੁਲ੍ਹਾ ਉਲੰਘਣਾ ਕਰਨ ਦੇ ਅੱਛੇ ਬੁਰੇ ਪਹਿਲੂਆਂ ਤੇ ਗ਼ੌਰ ਕਰਨ ਦਾ ਯਤਨ ਨਹੀਂ ਕੀਤਾ। ਸ੍ਰੀਮਤੀ ਗਾਂਧੀ ਨੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੰਤ ਹਰਚੰਦ ਸਿੰਘ ਲੌਂਗੋਵਾਲ ਦੇ ਇਸ ਬਿਆਨ ਨੂੰ ਵੀ ਅੱਖੋਂ ਓਹਲੇ ਕਰ ਦਿੱਤਾ ਜਿਸ ਵਿਚ ਉਨ੍ਹਾਂ ਨੇ ਬਾਰ ਬਾਰ ਇਹੀ ਦੁਹਰਾਇਆ ਕਿ ਖਾਲਸਤਾਨ ਸਾਡੀ ਮੰਗ ਨਹੀਂ, ਅਸੀਂ ਇਸ ਦੇ ਸਗੋਂ ਵਿਰੁਧ ਹਾਂ। ਭਾਰਤ ਸਾਡਾ ਆਪਣਾ ਦੇਸ਼ ਹੈ ਅਤੇ ਅਸੀਂ ਇਸ ਨੂੰ ਛੱਡ ਨਹੀਂ ਸਕਦੇ। ਅਨੰਦਪੁਰ ਦੇ ਮਤੇ ਰਾਹੀਂ ਅਸੀਂ ਭਾਰਤ ਦੇ ਹੋਰਨਾਂ ਪ੍ਰਦੇਸ਼ਾਂ ਵਿਚ ਹੋਈ ਮੰਗ ਅਨੁਸਾਰ ਪੰਜਾਬ ਲਈ ਵਧੇਰੇ ਅਧਿਕਾਰ ਚਾਹੁੰਦੇ ਹਾਂ।

ਸ੍ਰੀ ਰਾਜੀਵ ਗਾਂਧੀ ਨੇ ਇਹ ਸਭ ਕੁਝ ਦੇਖਣ ਦਾ ਯਤਨ ਨਾ ਕੀਤਾ, ਕਿਉਂਕਿ ਉਨ੍ਹਾਂ ਦਾ ਧਿਆਨ ਤੁਰੰਤ ਚੋਣ ਕਰਾਉਣ ਵਲ ਲੱਗਾ ਹੋਇਆ ਸੀ।

'ਕਮਸਿਨੀ' (ਛੋਟੀ ਉਮਰ) ਅਤੇ ਪ੍ਰਬੰਧਕੀ ਤਜਰਬੇ ਦੀ ਅਣਹੋਂਦ ਸ੍ਰੀ ਰਾਜੀਵ ਗਾਂਧੀ ਨੂੰ ਇਸ ਦੋਸ਼ ਤੋਂ ਮੁਕਤ ਨਹੀਂ ਠਹਿਰਾ ਸਕਦੇ ਕਿ ਭਾਰਤ ਦੇ ਸਿੱਖਾਂ ਦੀ ਸੁਰੱਖਿਆ ਦੀ ਜ਼ਿੰਮੇਵਾਰੀ ਉਨ੍ਹਾਂ ਦੇ ਸਿਰ ਸੀ। ਪਰ ਦੇਸ਼ ਵਿਚ ਤੁਰੰਤ ਚੋਣ ਕਰਾਉਣ ਦੀ ਚਿੰਤਾ ਵਿਚ ਉਹ ਇੰਨੇ ਖਚਿਤ ਰਹੇ ਕਿ ਉਹ ਸਿੱਖਾਂ ਦੀ ਸੁਰੱਖਿਆ ਨਾ ਕਰ ਸਕੇ ਅਤੇ ਪ੍ਰਧਾਨ ਮੰਤਰੀ ਦੀ ਹੈਸੀਅਤ ਵਿਚ ਆਪਣੇ ਸਰਕਾਰੀ ਫਰਜ਼ਾਂ ਦੀ ਅਦਾਇਗੀ ਵਿਚ ਨਿਸਫਲ ਰਹੇ ਅਤੇ ਅਪਰਾਧੀਆਂ ਨੂੰ ਲੱਭਣ ਤੇ ਉਨ੍ਹਾਂ ਨੂੰ ਦੰਡ ਦੇਣ ਦੀ ਥਾਂ ਅਪਰਾਧੀਆਂ ਨੂੰ ਪਾਰਲੀਮੈਂਟ ਦੀ ਚੋਣ ਲਈ ਕਾਂਗਰਸ ਦੀਆਂ ਟਿਕਟਾਂ ਦੇ ਕੇ ਸਿੱਧੇ ਤਰੀਕੇ ਨਾਲ ਉਨ੍ਹਾਂ ਦੀ ਪਿੱਠ ਠੋਕਦੇ ਰਹੇ।

ਅਜਿਹੀ ਅਸੁਰੱਖਿਤ ਹਾਲਤ ਵਿਚ ਪੰਜਾਬ ਤੋਂ ਬਾਹਰ ਵਸਦੇ ਸਿੱਖ ਪੰਜਾਬ ਵਲ ਵਹੀਰਾਂ ਘੱਤ ਰਹੇ ਹਨ। ਮੁਖ ਮੰਤਰੀਆਂ ਨੇ ਸਾਰੇ ਸਟੇਸ਼ਨਾਂ ਤੇ ਪੁਲਸ ਭੇਜ ਕੇ ਉਨ੍ਹਾਂ ਨੂੰ ਪੰਜਾਬ ਜਾਣ ਤੋਂ ਵਰਜਣ ਦਾ ਯਤਨ ਕੀਤਾ, ਪਰ ਇਕ ਵੀ ਸਿੱਖ ਨਾ ਤੇ ਮੁੱਖ ਮੰਤਰੀਆਂ ਦੇ ਝਾਂਸਿਆਂ ਵਿਚ ਆਉਂਦਾ ਹੈ ਤੇ ਨਾ ਹੀ ਭਾਰਤ ਦੀ ਕੇਂਦਰੀ ਸਰਕਾਰ ਤੇ ਵਿਸ਼ਵਾਸ ਕਰਦਾ ਹੈ।

ਇਸ ਵੇਲੇ ਦੇਸ਼ ਨੂੰ ਸੁਘੜ ਸਿਆਣੇ ਨੀਤੀਵਾਨਾਂ ਦੀ ਲੋੜ ਹੈ। ਮੌਜੂਦਾ ਨੇਤਾਵਾਂ ਵਿਚ ਦੂਰਅੰਦੇਸ਼ੀ ਦੀ ਥੁੜ ਨੂੰ ਬੁਰੀ ਤਰ੍ਹਾਂ ਨਾਲ ਪ੍ਰਤੀਤ ਕੀਤਾ ਜਾ ਰਿਹਾ ਹੈ। ਵਧੇਰੀ ਚੌਕਸੀ ਦੀ ਜ਼ਰੂਰਤ ਹੈ। ਸਹਿਨ ਸ਼ਕਤੀ ਦੀ ਲੋੜ ਹੈ। ਵਧੇਰੀ ਸੂਝ ਬੂਝ ਨਾਲ ਰਾਜਸੀ ਤੇ ਧਾਰਮਕ ਤੇ ਆਰਥਕ ਮਸਲਿਆਂ ਨੂੰ ਸਮਝਣ ਦੀ ਲੋੜ ਹੈ। ਸ੍ਰੀਮਤੀ ਇੰਦਰਾ ਗਾਂਧੀ ਅਤੇ ਉਨ੍ਹਾਂ ਦੇ ਪੁਤਰ ਤੇ ਉਤਰਾਧਿਕਾਰੀ ਨੇ ਦੇਸ਼ ਨੂੰ ਇਕ ਅਜਿਹੇ ਮੋੜ ਤੇ ਲਿਆ ਖੜਾ ਕੀਤਾ ਹੈ ਕਿ ਜੇ ਸੂਝ ਬੂਝ ਨਾਲ ਕੰਮ ਨਾ ਲਿਆ ਗਿਆ ਤਾਂ ਦੇਸ਼ ਦੀ ਏਕਤਾ ਤੇ ਅਖੰਡਤਾ ਨੂੰ ਅਵੱਸ਼ ਖ਼ਤਰਾ ਬਣਿਆ ਰਹੇਗਾ।

ਅਜੀਤ ੧੨-੨-੮੫



www.AKJ.Org

# ਇਸ ਵੇਲੇ ਸਭ ਤੋਂ ਵੱਡੀ ਮੰਗ ਕੀ ਹੋਵੇ ?

[ਵਲੋਂ—ਸ: ਪਿਆਰਾ ਸਿੰਘ ਜੀ ਭੋਗਲ]

ਪਹਿਲਾਂ ਰਿਪੋਰਟ ਆਈ ਸੀ—'ਦੋਸ਼ੀ ਕੌਣ ?' ਇਹ ਰਿਪੋਰਟ ਨਾਗਰਕ ਅਧਿਕਾਰਾਂ ਲਈ ਲੜਨ ਵਾਲੀ ਸਰਬ-ਭਾਰਤੀ ਅਤੇ ਗ਼ੈਰ-ਪਾਰਟੀ ਉਸ ਕਮੇਟੀ ਵਲੋਂ ਸੀ, ਜਿਸ ਨੇ ਆਂਧਰਾ ਦੇ ਮੁੱਖ ਮੰਤਰੀ ਐਨ. ਟੀ. ਰਾਮਾਰਾਓ ਦੀ ਗ਼ੈਰ-ਜਮਹੂਰੀ ਮੁਅੱਤਲੀ ਦਾ ਵੀ ਡਟ ਕੇ ਵਿਰੋਧ ਕੀਤਾ ਸੀ ਤੇ ਉਦੋਂ ਤਕ ਸਾਹ ਨਹੀਂ ਸੀ ਲਿਆ ਜਦ ਤਕ ਐਨ. ਟੀ. ਰਾਮਾਰਾਓ ਮੁੜ ਮੁਖ ਮੰਤਰੀ ਨਹੀਂ ਬਣ ਗਏ ਸਨ। ਹੁਣ ਜਸਟਿਸ ਸੀਕਰੀ, ਜੋ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਰਹਿ ਚੁੱਕੇ ਨਿਆਇਧੀਸ਼ ਹਨ, ਦੇ ਪੜਤਾਲੀਆ ਕਮਿਸ਼ਨ ਵਲੋਂ ਵੀ ਰਿਪੋਰਟ ਆ ਚੁੱਕੀ ਹੈ। ਸ੍ਰੀ ਰਾਜੀਵ ਗਾਂਧੀ, ਜਿਸ ਨੂੰ 'ਬੇਦਾਗ ਪ੍ਰਧਾਨ ਮੰਤਰੀ' ਸਿੱਧ ਕਰਨ ਲਈ ਪ੍ਰਸੰਸਕਾਂ ਵਲੋਂ ਪੂਰਾ ਜ਼ੋਰ ਲਾਇਆ ਜਾ ਰਿਹਾ ਹੈ, ਉਨ੍ਹਾਂ ਦੀ ਸਰਕਾਰ ਅਤੇ ਉਨ੍ਹਾਂ ਦੀ ਪਾਰਟੀ ਸਾਫ ਤੌਰ ਤੇ ਦੋਸ਼ੀ ਸਿੱਧ ਹੋ ਚੁੱਕੇ ਹਨ। ਹੁਣ ਇਨ੍ਹਾਂ ਰਿਪੋਰਟਾਂ ਦੀ ਰੋਸ਼ਨੀ ਵਿਚ ਇਹ ਮੰਗ ਨਹੀਂ ਕਰਨੀ ਚਾਹੀਦੀ ਕਿ ਸਰਕਾਰ ਕਮਿਸ਼ਨ ਬਣਾਏ। ਮੰਗ ਇਹ ਹੋਣੀ ਚਾਹੀਦੀ ਹੈ ਕਿ ਸਰਕਾਰ ਦੋਸ਼ੀ ਫੜੇ ਤੇ ਉਨ੍ਹਾਂ ਨੂੰ ਸਜ਼ਾਵਾਂ ਦੇਵੇ।

ਅਸੀਂ ਹੈਰਾਨ ਹਾਂ, ਸਿੱਖ ਨੇਤਾ ਆਨੰਦਪੁਰ ਦੇ ਮਤੇ ਬਾਰੇ ਤਾਂ ਗਰਮਾ-ਗਰਮ ਬਿਆਨ ਦੇਈ ਜਾ ਰਹੇ ਹਨ। ਦਿੱਲੀ ਤੇ ਕਾਨਪੁਰ ਦੇ ਫ਼ਸਾਦੀਆਂ ਨੂੰ ਸਜ਼ਾਵਾਂ ਦਿਲਵਾਣ ਬਾਰੇ ਉੱਨੇ ਗਰਮਾ-ਗਰਮ ਬਿਆਨ ਕਿਉਂ ਨਹੀਂ ਦੇ ਰਹੇ ? ਕਿਉਂ ਨਹੀਂ ਇਹ ਨੇਤਾ ਦਿੱਲੀ ਅਤੇ ਕਾਨਪੁਰ ਪਹੁੰਚਦੇ ? ਕਿਉਂ ਕਾਂਗਰਸ ਦਾ ਫਸਾਦਾਂ ਵਿਚ ਫ਼ਿਰਕਾਦਾਰਾਨਾ ਰੋਲ, ਉੱਚੀ ਆਵਾਜ਼ ਨਾਲ ਨੰਗਾ ਨਹੀਂ ਕਰਦੇ ? ਕੀ ਇਨ੍ਹਾਂ ਨੂੰ ਇਹ ਸਮਝ ਨਹੀਂ ਕਿ ਆਨੰਦਪੁਰ ਦੇ ਮਤੇ ਬਾਰੇ ਇਨ੍ਹਾਂ ਦੇ ਬਿਆਨ ਆਉਂਦੀਆਂ ਵਿਧਾਨ ਸਭਾਵਾਂ ਦੀਆਂ ਚੋਣਾਂ ਵਿਚ ਸ੍ਰੀ ਰਾਜੀਵ ਗਾਂਧੀ ਨੂੰ ਸੂਤ ਬੈਠਦੇ ਹਨ। ਆਨੰਦਪੁਰ ਦਾ ਮਤਾ ਠੀਕ ਹੈ ਜਾਂ ਗਲਤ ? ਇਸ ਵੇਲੇ ਇਹ ਸਵਾਲ ਮੁਖ ਨਹੀਂ। ਮੁਖ ਗੱਲ ਇਹ ਹੈ ਕਿ ਰਾਜੀਵ ਗਾਂਧੀ ਨੇ ਆਨੰਦਪੁਰ ਦਾ ਮਤਾ ਹਊਆ ਬਣਾ ਕੇ ਭਾਰਤ ਭਰ ਦੇ ਹਿੰਦੂਆਂ ਦੀ ਭਾਰੀ ਬਹੁਗਿਣਤੀ ਦੀ ਹਮਦਰਦੀ ਕਾਂਗਰਸ ਨਾਲ ਜੋੜ ਲਈ ਹੈ। ਹੁਣ ਫੇਰ, ਆਨੰਦਪੁਰ ਦਾ ਮਤਾ ਕਾਂਗਰਸ ਵਲੋਂ ਉਛਾਲਿਆ ਜਾ ਰਿਹਾ ਹੈ। ਜਿਹੜੇ ਸਿੱਖ ਨੇਤਾ ਕਾਂਗਰਸੀ ਆਗੂਆਂ ਦੇ ਇਸ ਮਤੇ ਬਾਰੇ ਦਿੱਤੇ ਜਾ ਰਹੇ ਬਿਆਨਾਂ ਦੇ ਜਵਾਬ ਵਿਚ ਭੜਕੀਲੇ ਬਿਆਨ ਦਿੰਦੇ ਹਨ, ਉਹ ਰਾਜੀਵ ਗਾਂਧੀ ਅਤੇ ਕਾਂਗਰਸ ਦੀ ਚਾਲ ਵਿਚ ਫਸ ਰਹੇ ਹਨ। ਉਹ ਕਾਂਗਰਸ ਦੇ ਹੱਥਾਂ ਵਿਚ ਖੇਡ ਕੇ ਸਿੱਖਾਂ ਨੂੰ ਬਦਨਾਮ ਕਰਨ ਦੀ ਉਨ੍ਹਾਂ ਦੀ ਚਾਲ ਨੂੰ ਸਫਲ ਕਰ ਜਾ ਰਹੇ ਹਨ।

## ਅਲਟੀਮੇਟਮ ਦੇਣ ਦੀ ਲੋੜ—

ਯੁੱਧ ਦਾ ਸੰਸਾਰ-ਪ੍ਰਸਿਧ-ਨਿਯਮ ਇਹ ਹੈ ਕਿ ਆਪਣੇ ਵਿਰੋਧੀ ਉੱਤੇ ਉਸ ਥਾਂ ਵਾਰ ਕਰਨਾ ਚਾਹੀਦਾ ਹੈ, ਜਿੱਥੇ ਉਹ ਸਭ ਤੋਂ ਵਧ ਕਮਜ਼ੋਰ ਹੋਵੇ। ਕਾਂਗਰਸੀ ਹਾਕਮ ਅਤੇ ਕਾਂਗਰਸੀ ਨੇਤਾ ਇਸ ਵੇਲੇ ਸਭ ਤੋਂ ਵੱਧ ਕਮਜ਼ੋਰ ਦਿੱਲੀ ਅਤੇ ਕਾਨਪੁਰ ਦੇ ਸਿੱਖ-ਵਿਰੋਧੀ ਫਸਾਦਾਂ ਦੇ ਮਾਮਲੇ ਵਿਚ ਹਨ। ਉਹ ਨਹੀਂ ਚਾਹੁੰਦੇ ਕਾਂਗਰਸ ਦੀ ਇਹ ਗੰਦੀ ਭੂਮਿਕਾ ਬਹੁਤੀ ਉਛਾਲੀ ਜਾਵੇ। ਸ੍ਰੀ ਰਾਜੀਵ ਗਾਂਧੀ ਨੂੰ ਜਦੋਂ ਵੀ ਇਸ ਬਾਰੇ ਸਵਾਲ ਪੁੱਛੇ ਜਾਂਦੇ ਗਏ, ਤਾਂ ਉਨ੍ਹਾਂ ਨੇ ਅਪਰਾਧੀਆਂ ਦੀ ਕਮਜ਼ੋਰ ਜਿਹੀ ਸਫਾਈ ਪੇਸ਼ ਕੀਤੀ ਜਾਂ ਟਾਲਣ ਵਾਲੇ ਜਵਾਬ ਦਿੱਤੇ। ਜੇ ਅਕਾਲੀਆਂ ਵਿਚ ਵੱਡੇ ਨੇਤਾਵਾਂ ਦੇ ਅੰਦਰ ਹੋਣ ਦੇ ਬਾਵਜੂਦ ਕੁਝ ਦਮ-ਖ਼ਮ ਹੈ ਤਾਂ ਦਿੱਲੀ ਅਤੇ ਕਾਨਪੁਰ ਦੋਵਾਂ ਥਾਵਾਂ ਦੇ ਕਾਂਗਰਸੀ ਪ੍ਰਸ਼ਾਸਕਾਂ ਨੂੰ ਅਲਟੀਮੇਟਮ ਦੇਣਾ ਚਾਹੀਦਾ ਹੈ ਕਿ ਜਿਹੜੇ ਦੋਸ਼ੀਆਂ ਦੇ ਨਾਮ ਰਿਪੋਰਟਾਂ ਵਿਚ ਆਏ ਹਨ ਜਾਂ ਜਿਨ੍ਹਾਂ ਬਾਰੇ ਐਫ. ਆਈ. ਆਰ. ਦਰਜ ਹਨ, ਉਹ ਫਲਾਣੀ ਤਰੀਖ ਤਕ ਗ੍ਰਿਫਤਾਰ ਕੀਤੇ ਜਾਣ, ਨਹੀਂ ਤਾਂ ਸ਼ਾਂਤਮਈ ਸਤਿਆਗ੍ਰਹਿ ਸ਼ੁਰੂ ਕੀਤਾ ਜਾਏਗਾ। ਇਹ ਤਾਰੀਖ ਫ਼ੌਰਨ ਮਿਥਣੀ ਚਾਹੀਦੀ



www.AKJ.Org

ਹੈ ਤੇ ਵਿਧਾਨ ਸਭਾ ਦੀਆਂ ਚੋਣਾਂ ਤੋਂ ਪਹਿਲਾਂ ਹੋਣੀ ਚਾਹੀਦੀ ਹੈ।

ਇਹ ਵੀ ਖਿਆਲ ਰੱਖਿਆ ਜਾਏ ਕਿ ਇਸ ਸ਼ਾਂਤਮਈ ਸਤਿਆਗ੍ਰਹਿ ਦਾ ਐਲਾਨ ਕਰਨ ਲੱਗਿਆਂ ਦਿੱਲੀ ਅਤੇ ਕਾਨਪੁਰ ਦੇ ਸਹੀ ਸੋਚਣ ਵਾਲੇ ਹਿੰਦੂ ਅਤੇ ਮੁਸਲਮਾਨ ਸਿਆਣਿਆਂ ਦੇ ਨਾਮ ਨਾਲ ਮਿਲਾਏ ਜਾਣ। ਪਿਛਲੇ ੩੮ ਸਾਲਾਂ ਵਿਚ ਹੁੰਦੇ ਰਹੇ ਹਿੰਦੂ-ਮੁਸਲਿਮ ਫਸਾਦਾਂ ਵਿਚ ਸਥਾਨਕ ਕਾਂਗਰਸੀਆਂ ਦੀ ਗੰਦੀ ਭੂਮਿਕਾ ਬਾਰੇ ਦੋਸ਼ ਅੱਗੇ ਵੀ ਲਗਦੇ ਰਹੇ ਹਨ, ਪਰ ਦਿੱਲੀ ਅਤੇ ਕਾਨਪੁਰ ਵਿਚ ਫਸਾਦ ਨੰਗੇ ਧੜ ਕਾਂਗਰਸੀਆਂ ਨੇ ਕਰਵਾਏ। ਜੇ ਇਸ ਵਾਰ ਇਨ੍ਹਾਂ ਫਸਾਦਾਂ ਵਿਚ ਕਾਂਗਰਸ ਦੀ ਇਸ ਭੂਮਿਕਾ ਲਈ ਕਾਂਗਰਸ ਤੋਂ ਗਲਤੀ ਨਾ ਮੰਨਵਾਈ ਗਈ, ਜੇ ਕਾਂਗਰਸ ਨੂੰ ਸਾਫ਼ ਬਚ ਜਾਣ ਦਿੱਤਾ ਗਿਆ ਤਾਂ ਭਾਰਤ ਦੀ ਰਾਜਨੀਤਕ ਜ਼ਿੰਦਗੀ ਵਿਚ ਭਿਆਨਕ ਜ਼ਹਿਰ ਘੁਲ ਜਾਏਗਾ ਤੇ ਭਾਰਤੀਆਂ ਦੀ ਭਾਵਾਤਮਕ ਏਕਤਾ ਨੂੰ ਸਦੀਵੀ ਧੱਕਾ ਲੱਗੇਗਾ। ਸੋ, ਮੋਰਚਾ ਲਾਉਣ ਲੱਗਿਆਂ ਸਿੱਖ ਨੇਤਾ ਇਸ ਨੂੰ ਹਿੰਦੂ ਸਿਖ ਸਵਾਲ ਨਾ ਬਣਾਉਣ, ਕਾਂਗਰਸ ਅਤੇ ਘਟ-ਗਿਣਤੀਆਂ ਦਾ ਜਾਂ ਕਾਂਗਰਸ ਅਤੇ ਕੌਮੀ ਏਕਤਾ ਦਾ ਸਵਾਲ ਬਣਾਉਣ ਦਾ ਯਤਨ ਕਰਨ। ਦਿੱਲੀ ਵਿਚ ਬੇਸ਼ੁਮਾਰ ਗ਼ੈਰ-ਸਿੱਖ ਸਿਆਣੇ ਲੋਕ ਬੈਠੇ ਹਨ ਜੋ ਦਿੱਲੀ ਦੇ ਫਸਾਦਾਂ ਉੱਤੇ ਦੁਖੀ ਹੋਏ ਹਨ। ਉਨ੍ਹਾਂ ਵਿਚੋਂ ਸਿਰਕੱਢ ਹਿੰਦੂ ਤੇ ਮੁਸਲਮਾਨ ਸੱਜਣ ਨਾਲ ਲੈ ਕੇ ਪਹਿਲਾਂ ਤਾਂ ਦਿੱਲੀ ਵਿਚ ਕਨਵੈਸ਼ਨ ਕੀਤੀ ਜਾਏ ਤੇ ਫੇਰ ਸਤਿਆਗ੍ਰਹਿ ਦੀ ਤਾਰੀਖ ਮਿਥੀ ਜਾਏ। ਸਤਿਆਗ੍ਰਹਿ ਵਿਚ ਭਾਵੇਂ ਪੰਜ ਸੱਜਣ ਹੀ ਰੋਜ਼ ਗ੍ਰਿਫ਼ਤਾਰੀ ਦੇਣ, ਪਰ ਦਿੱਲੀ ਵਿਚ ਇਸ ਕਿਸਮ ਦਾ ਸਤਿਆਗ੍ਰਹਿ, ਜਿਸ ਦਾ ਮੁਖ ਨਾਅਰਾ ਕਾਂਗਰਸ ਦੀ ਫਿਰਕਾਪ੍ਰਸਤੀ ਦਾ ਵਿਰੋਧ ਹੋਵੇ, ਸਹੀ ਫਿਰਕੂ ਏਕਤਾ ਦੀ ਹਮਾਇਤ ਹੋਵੇ, ਕਾਂਗਰਸ ਪਾਰਟੀ ਲਈ ਹੀ ਚਣੌਤੀ ਨਹੀਂ ਹੋਵੇਗਾ, ਭਾਰਤ ਦੀ ਗੰਧਲੀ ਰਾਜਨੀਤੀ, ਜੋ ਪਿਛਲੇ ਚਾਰ ਸਾਲ ਤੋਂ ਸ੍ਰੀਮਤੀ ਇੰਦਰਾ ਗਾਂਧੀ ਨੇ ਪੈਦਾ ਕੀਤੀ, ਨੂੰ ਸਾਫ ਕਰਨ ਵਲ ਵੀ ਇਕ ਕਦਮ ਹੋਵੇਗਾ। .....ਅਜੀਤ, ੨੨-੨-੮੫

---

## 'ਸੂਰਾ' ਮਾਸਕ ਪੱਤਰ ਨੂੰ ਜਨਵਰੀ ਤੇ ਫਰਵਰੀ ਵਿਚ ਪੁਜੀ ਸਹਾਇਤਾ

ਭਾ: ਬਚਿੰਤ ਸਿੰਘ ਜੀ ਮਨੋਲੀ ਰਸੀਦ ਨੰ: ੨੫੬੪੩ ਮਿਤੀ ੨੪ ਫਰਵਰੀ ਜੋ ਛਪਣੋ ਰਹਿ ਗਈ ਸੀ,

| | | |
|---|---|---|
| | ਬਚੀ ਦੇ ਅਨੰਦ ਕਾਰਜ ਸਮੇਂ | ੨੧—੦੦ |
| ਭਾ: ਲਾਭ ਸਿੰਘ ਖੰਨਾ | ਸ਼ਹੀਦ ਭਾਈ ਮਾਨ ਸਿੰਘ ਤੇ ਆਪਣੇ ਪ੍ਰੀਵਾਰ ਦੇ ਜੀਆਂ ਦੇ ਸ਼ਹੀਦੀ ਭੋਗ ਸਮੇਂ | ੨੧—੦੦ |
| ਬੀਬੀ ਗੁਰਦੇਵ ਕੌਰ ਲੁਧਿਆਣਾ | ਪਤੀ ਸ: ਕੁਲਵੰਤ ਸਿੰਘ ਜੀ ਦੀ ਸਾਲਾਨਾ ਯਾਦ ਵਿਚ | ੫੦—੦੦ |
| ਗੋਲਡਨ ਸਟੋਰ ਹਾਪੜ | ਬੱਚੀ ਸਤਨਾਮ ਕੌਰ ਦੀ ਯਾਦ ਵਿਚ | ੧੦੧—੦੦ |
| ਬੀਬੀ ਹਰਬੰਸ ਕੌਰ ਚੰਡੀਗੜ੍ਹ | ਚੜ੍ਹਤ ਸ੍ਰੀ ਅਖੰਡਪਾਠ ਨਮਿਤ ਮਾਤਾ ਸੰਤ ਕੌਰ | ੨੧—੦੦ |
| ਭਾ: ਸਤਨਾਮ ਸਿੰਘ ਬੰਬਈ | ਬੱਚੀ ਦੇ ਅਨੰਦ ਕਾਰਜ ਦੀ ਖੁਸ਼ੀ ਵਿਚ | ੫੧—੦੦ |
| ਕਾਕਾ ਭਾਰੀ ਭੁਜਾਨ ਸਿੰਘ ਦੇ ਦਾਦਾ ਜੀ ਵਲੋਂ | ਕਾਕਾ ਜੀ ਦੇ ਜਨਮ ਦਿਨ ਦੀ ਖੁਸ਼ੀ ਵਿਚ | ੧੧—੦੦ |
| ,, ,, ,, | ਪੋਤਰੇ ਤੇ ਪੋਤਰੀ ਦੇ ਜਨਮ ਦੀ ਖੁਸ਼ੀ ਵਿਚ | ੩੧—੦੦ |

| | |
|---|---|
| ਸ: ਸਾਧੂ ਸਿੰਘ ਵਰਨਨ ਕੈਨੇਡਾ | ੨੦੦-੦੦ |
| ਸ: ਤਰਲੋਕ ਸਿੰਘ ਨਵੀਂ ਦਿੱਲੀ | ੧੦-੦੦ |
| ਮਾਤਾ ਜਸਵੰਤ ਕੌਰ ਲੁਧਿਆਣਾ | ੫੧-੦੦ |
| ਭਾਈ ਨਿਰੰਜਨ ਸਿੰਘ ਮੋਹਾਲੀ | ੧੫-੦੦ |
| ਸ: ਗੁਰਮੁਖ ਸਿੰਘ ਰੂਪ ਰਾਏ | ੨੫-੦੦ |
| ਭਾਈ ਸੁਬੇਗ ਸਿੰਘ ਮੰਨਣ ਵਾਲੇ ਆਸਟ੍ਰੇਲੀਆ ਤੋਂ | ੧੦੦-੦੦ |
| ਭਾਈ ਹਰਪਾਲ ਸਿੰਘ ਕਾਲਾ ਬਾਗ | ੫-੦੦ |
| ਸਿੱਖ ਸੰਗਤ ਦਿਉਲਾਲੀ(ਸਕੂਲ ਆਫ਼ ਆਰਟਿਲਰ) | ੧੦੦-੦ |
| ਭਾਈ ਅਵਤਾਰ ਸਿੰਘ ਚੀਮਾ ਖੈਰਾਬਾਦ | ੨੫-੦੦ |
| ਭਾਈ ਰਘਬੀਰ ਸਿੰਘ ਵਾਰਵਿਕ ਯੂ.ਕੇ. | ੧੮੦-੭੦ |
| ਸ: ਜਸਪਾਲ ਸਿੰਘ ਗ੍ਰੇਜ, ਅਸੈਕਸ ਯੂ.ਕੇ. | ੨੧੦-੦੦ |
| ਸ: ਸੁਖਦੇਵ ਸਿੰਘ ਬੀਬੀ ਗਿਆਨ ਕੌਰ ਸਾਊਥਾਲ | ੧੫੪-੩੫ |
| ਸ: ਅਵਤਾਰ ਸਿੰਘ ਤੰਬੜ ਕੈਨੇਡਾ | ੩੫-੦੦ |
| ਸ: ਮੰਗਲ ਸਿੰਘ ੯੯ ਏ. ਪੀ. ਓ. | ੩੬-੦੦ |
| ਸ: ਜਰਨੈਲ ਸਿੰਘ ਖੰਨਾ | ੫੦-੦੦ |
| ਗਿ: ਪਰਮਜੀਤ ਸਿੰਘ ਖਾਲਸਾ ਪਾਉਂਟਾ ਸਾਹਿਬ | ੨੧-੦੦ |
| ਬੀਬੀ ਪ੍ਰੀਤਮ ਕੌਰ ਵਲਵਰ ਹੈਂਪਟਨ ਯੂ.ਕੇ. | ੭੦-੬੦ |
| ਸ: ਹਰਜੀਤ ਸਿੰਘ ਛੇਜਾ ਵੈਨਕੋਵਰ ਕੈਨੇਡਾ | ੪੫-੦੦ |



www.AKJ.Org

# ਅਕਾਲੀ ਕੌਰ ਸਿੰਘ ਜੀ ਦੀ ਪਿਆਰੀ ਸ਼ਖਸੀਅਤ

[ਵਲੋਂ—ਸ: ਅਤਰ ਸਿੰਘ ਜੀ]

**ਚੋਰ ਦਾ ਜੀਵਨ ਪਲਟਣਾ—**

੧੯੨੯ ਦੇ ਅਖ਼ੀਰ ਦਾ ਵਾਕਿਆ ਹੈ ਕਿ ਸਿਆਲਕੋਟ ਨਿਵਾਸੀ ਜੀਵਨ ਸਿੰਘ ਨਾਮੀ ਇਕ ਸਿਖ, ਡਾਕੇਜ਼ਨੀ ਦੇ ਕੇਸ ਵਿਚ ਫੜਿਆ ਆਇਆ ਤੇ ਕਸ਼ਮੀਰ ਦੀ ਜੇਲ੍ਹ ਕਟ ਕੇ, ਰਿਹਾਈ ਪਿਛੋਂ ਗੁਰਦੁਆਰਾ ਅਮੀਰਾ ਕਦਲ ਆ ਪੁਜਿਆ। ਦਸੰਬਰ ਦੇ ਦਿਨ ਸਨ। ਪਾਲਾ ਕਾਫ਼ੀ ਹੋਣ ਕਰਕੇ ਕਪੜੇ ਲੀੜੇ ਤੋਂ ਬਿਨਾਂ ਇਹ ਠਠੰਬਰਿਆ ਬੈਠਾ ਸੀ।

ਕਥਾ ਕਰ ਕੇ ਅਕਾਲੀ ਕੌਰ ਸਿੰਘ ਜੀ ਤਖ਼ਤ ਸਾਹਿਬ ਤੋਂ ਉਤਰ ਰਹੇ ਸਨ ਕਿ ਇਨ੍ਹਾਂ ਦੀ ਨਜ਼ਰ ਇਸ ਸਿਖ ਪਰ ਪੈ ਗਈ। ਆਪ ਜੀ ਜੀਵਨ ਸਿੰਘ ਡਾਕੂ ਦੇ ਕੋਲ ਜਾ ਬੈਠੇ ਅਤੇ ਕੜਾਹ ਪ੍ਰਸ਼ਾਦ ਵਰਤਣ ਉਪਰੰਤ ਆਪ ਨੇ ਇਸ ਸਿਖ ਪਾਸੋਂ ਧੀਮੀ ਤੇ ਮਿਠੀ ਅਵਾਜ਼ ਨਾਲ ਪੁੱਛ ਕੀਤੀ :

"ਸਿੰਘ ਸਾਹਿਬ, ਤੁਸੀਂ ਪੰਜਾਬੀ ਮਲੂਮ ਦਿੰਦੇ ਹੋ ?" "ਹਾਂ ਮਹਾਰਾਜ, ਮੈਂ ਪੰਜਾਬੀ ਹਾਂ" ਉਸ ਨੇ ਕਿਹਾ। "ਤਾਂ ਆਪ ਇਸ ਸਰਦੀ ਵਿਚ ਕਿਸ ਤਰ੍ਹਾਂ ਇਥੇ ਪੁਜੇ ?" "ਮਹਾਰਾਜ, ਮੈਂ ਡਾਕਾ ਮਾਰਨ ਦੇ ਜੁਰਮ ਵਿਚ ਇਥੇ ਫੜਿਆ ਆਇਆ ਸੀ ਤੇ ਕਲ੍ਹ ਇਥੋਂ ਦੀ ਜੇਲ੍ਹ ਤੋਂ ਰਿਹਾ ਹੋਇਆਹਾਂ।" ਅਕਾਲੀ ਜੀ ਨੇ ਪੁਛਿਆ, "ਸਿੰਘ ਸਾਹਿਬ, ਦਸ ਸਕਦੇ ਹੋ ਕਿ ਚੋਰੀ ਤੇ ਡਾਕੇ ਵਿਚ ਕੀ ਫ਼ਰਕ ਹੈ ?" ਜੀਵਨ ਸਿੰਘ—"ਹਾਂ ਮਹਾਰਾਜ।" ਅਕਾਲੀ ਜੀ—"ਚੰਗਾ ਜੀ ਦਸੋ ਫਿਰ।"

ਅਗੋਂ ਉਹ ਚੋਰ ਅਤੇ ਅਨਪੜ੍ਹ ਸੀ, ਉਸ ਨੇ ਆਪਣੀ ਭਾਸ਼ਾ ਵਿਚ ਚੋਰੀ ਅਤੇ ਡਾਕੇ ਦੇ ਅਰਥ-ਭੇਦ ਸਮਝਾਉਣੇ ਸ਼ੁਰੂ ਕਰ ਦਿਤੇ, "ਮਹਾਰਾਜ, ਚੋਰੀ ਇਹ ਹੁੰਦੀ ਹੈ—ਆਪ ਸੁੱਤੇ ਪਏ ਹੋਵੋ ਤੇ ਜਿਸ ਮਕਾਨ ਵਿਚ ਹੋਵੋ, ਉਸ ਦੇ ਪਿਛੇ ਦੀ ਆ ਕੇ ਉਸ ਨੂੰ 'ਪਾੜ' ਲਾਈਏ ਤੇ ਅੰਦਰ ਜੋ ਮਾਲ ਮਤਾਹ ਹੋਵੇ, ਸਭ ਕਢ ਕੇ ਲੈ ਜਾਈਏ, ਇਸ ਨੂੰ ਤਾਂ ਆਖਦੇ ਹਨ ਚੋਰੀ। ਤੇ ਹੁਣ ਡਾਕੇ ਦੀ ਸੁਣੋ—

ਆਪ ਆਪਣੇ ਬਾਲ ਬੱਚੇ ਸਮੇਤ ਸੁੱਤੇ ਪਏ ਹੋਵੋ ਤਾਂ ਅਸੀਂ ਆਈਏ ਤੇ ਆਪ ਦਾ ਦਰਵਾਜ਼ਾ ਖੜਕਾਈਏ। ਆਪ ਪੁਛੋ ਕੌਣ ਹੈ ਤਾਂ ਮੈਂ ਕਹਾਂ ਆਪ ਦਾ ਜਵਾਈ ਹਾਂ, ਦਰਵਾਜ਼ਾ ਖੋਲ੍ਹੋ। ਆਪ ਦਰਵਾਜ਼ਾ ਖੋਲ੍ਹੋ, ਤਾਂ ਅਸੀਂ ਅੰਦਰ ਵੜ ਜਾਈਏ ਤੇ ਆਪ ਦਾ ਸਭ ਮਾਲ ਮਤਾਹ ਤੁਹਾਡੇ ਵੇਖਦੇ ਵੇਖਦੇ ਬੰਨ੍ਹ ਕੇ ਤੀਨ ਪਾਂਚ ਹੋ ਜਾਈਏ, ਇਸ ਨੂੰ ਆਖਦੇ ਹਨ ਡਾਕਾ।"

ਅਕਾਲੀ ਜੀ ਇਸ ਡਾਕੂ ਦਾ ਇਹ ਸਾਦਗੀ ਭਰਿਆ ਬਿਆਨ ਸੁਣ ਕੇ ਹੱਸ ਪਏ ਤੇ ਕਹਿਣ ਲਗੇ, "ਦਸੋ ਵੀਰ, ਕੁਝ ਮੇਰੇ ਲਈ ਹੁਕਮ ?" ਇਸ ਸਿਖ ਨੇ ਜੋ ਉਸ ਵੇਲੇ ਮੰਗ ਮੰਗੀ, ਲੋੜ ਦਸੀ, ਅਕਾਲੀ ਜੀ ਨੇ ਪੂਰੀ ਕਰ ਦਿਤੀ।

ਅਕਾਲੀ ਜੀ ਨੇ ਉਸ ਨੂੰ ਫਿਰ ਪੁਛਿਆ, "ਸਿੰਘ ਸਾਹਿਬ, ਆਪ ਐਸਾ ਕਿਉਂ ਕਰਦੇ ਹੋ ?"

ਜੀਵਨ ਸਿੰਘ ਨੇ ਕਿਹਾ, "ਮਹਾਰਾਜ, ਆਪਣਾ ਤੇ ਆਪਣੇ ਬਾਲ ਬੱਚਿਆਂ ਦਾ ਪੇਟ ਭਰਨ ਲਈ।"

ਅਕਾਲੀ ਜੀ, "ਅਗਰ ਆਪ ਦੀ ਇਹ ਲੋੜ ਪੂਰੀ ਹੋ ਜਾਏ ਤਾਂ ਕੀ ਫਿਰ ਤੁਸੀਂ ਐਸਾ ਨਹੀਂ ਕਰੋਗੇ ?"

ਇਸ ਸਿਖ ਨੇ ਵਚਨ ਦਿਤਾ ਕਿ ਮੈਂ ਫਿਰ ਇਹ ਕੰਮ ਨਹੀਂ ਕਰਾਂਗਾ। ਆਪ ਜੀ ਉਸ ਨੂੰ ਗੁਰੂ ਨਾਨਕ ਆਸ਼੍ਰਮ ਚਕਾਰ ਲੈ ਗਏ ਅਤੇ ਆਸ਼੍ਰਮ ਦਾ ਚੌਕੀਦਾਰ ਨੀਅਤ ਕਰ ਕੇ ਤਨਖ਼ਾਹ ਅਤੇ ਉਸ ਦੇ ਟੱਬਰ ਦੇ ਖ਼ਰਚ ਦਾ ਪ੍ਰਬੰਧ ਕਰ ਦਿਤਾ।

**ਬੁਰਾ ਭਲਾ ਕਹਿਣ ਵਾਲਿਆਂ ਨਾਲ ਵੀ ਪਿਆਰ—**

ਜੰਮੂ ਦੇ ਇਕ ਇਕੱਠ ਵਿਚ ਇਕ ਸਿੰਘ ਸਾਹਿਬ ਨੇ ਆਪ ਦੇ ਖ਼ਿਲਾਫ਼ ਬਹੁਤ ਕੁਝ ਬੁਰਾ ਭਲਾ ਕਿਹਾ।



www.AKJ.Org

ਅਕਾਲੀ ਜੀ ਦੀਵਾਨ ਵਿਚ ਬੈਠੇ ਖ਼ਾਮੋਸ਼ੀ ਤੇ ਠੰਢੇ ਦਿਲ ਨਾਲ ਸਭ ਕੁਝ ਸੁਣਦੇ ਰਹੇ। ਭੋਗ ਪੈਣ ਤੇ ਆਪ ਨੇ ਉਸ ਸਿੰਘ ਨੂੰ ਆਪਣੇ ਪਾਸ ਬੁਲਾਇਆ ਅਤੇ ਫ਼ਤਹ ਗਜਾਣ ਪਿਛੋਂ ਕਿਹਾ, "ਸਿੰਘ ਸਾਹਿਬ, ਬੈਠੋ।" ਇਹ ਸਿੰਘ ਜੀ ਆਪ ਪਾਸ ਬੈਠ ਗਏ ਤਾਂ ਆਪ ਨੇ ਬੜੀ ਮਿਠੀ ਧੀਮੀ ਅਵਾਜ਼ ਨਾਲ ਕਿਹਾ, "ਸਿੰਘ ਸਾਹਿਬ, ਹੋਰ ਕੁਝ ਬਰਖਾ ਕਰਨੀ ਹੈ ਤਾਂ ਹੁਣ ਕਰ ਲਵੋ, ਦਾਸ ਇਸ ਵੇਲੇ ਹਾਜ਼ਰ ਹੈ।" ਇਹ ਸੁਣ ਕੇ ਉਹ ਸਿੰਘ ਸ਼ਰਮਿੰਦਾ ਪੈ ਗਿਆ ਅਤੇ ਚਰਨਾਂ ਤੇ ਡਿਗ ਪਿਆ ਅਤੇ ਮੁੜ ਮੁੜ ਆਖੀ ਜਾਵੇ, ਮੈਨੂੰ ਮਾਫ਼ ਕਰ ਦਿਓ ਜੀ।

**ਦੋ ਪਠਾਣਾਂ ਦਾ ਚਕ੍ਰਿਤ ਹੋਣਾ—**

ਆਪ ਦੇ ਦਰਸ਼ਨਾਂ ਵਿਚ ਅਜੀਬ ਖਿਚ ਸੀ। ਜੋ ਆਪ ਨੂੰ ਇਕ ਵਾਰ ਵੇਖ ਲੈਂਦਾ, ਉਹ ਮੁੜ ਮੁੜ ਆਪ ਦੇ ਦਰਸ਼ਨਾਂ ਨੂੰ ਲੋਚਦਾ। ਜਿਸ ਬੱਸ ਜਾਂ ਰੇਲ ਦੇ ਡੱਬੇ ਵਿਚ ਆਪ ਸਵਾਰ ਹੁੰਦੇ ਸਨ, ਉਸ ਵਿਚ ਸਫ਼ਰ ਕਰਨ ਵਾਲੇ ਕੋਲ ਬੈਠੇ ਸਾਥੀਆਂ ਦਾ ਧਿਆਨ ਆਪ ਦੇ ਜਲਾਲੀ ਚੇਹਰੇ ਵਲ ਖਿਚਿਆ ਜਾਂਦਾ। ਆਪ ਦੇ ਨਿਹੰਗੀ ਚਿਹਨ ਚੱਕਰ, ਸੁਰਖ-ਰੰਗੇ ਸੁੰਦਰ ਚੇਹਰੇ ਪਰ ਸਫ਼ੈਦ ਚਮਕਦਾ ਦਾੜ੍ਹਾ ਤੇ ਨੀਲੇ ਦੁਮਾਲੇ ਵਾਲੀ ਦਸਤਾਰ ਅਤੇ ਸਾਦਗੀ ਵਾਲਾ ਲਿਬਾਸ, ਆਪ ਦੀ ਕੁਦਰਤ ਵਲੋਂ ਬਖ਼ਸ਼ੀ ਹੋਈ ਸੂਰਤ ਤੇ ਸੁੰਦਰਤਾ ਨੂੰ ਹੋਰ ਚਮਕਾਉਂਦਾ ਸੀ। ਇਸੇ ਲਈ ਹਰ ਕੋਈ ਉਨ੍ਹਾਂ ਨੂੰ ਦੇਖਦਾ ਰਹਿੰਦਾ ਅਤੇ ਦਰਸ਼ਨਾਂ ਲਈ ਤੜਪ ਬਣੀ ਰਹਿੰਦੀ।

ਦੋ ਮਾਈਆਂ ਨੇ ਗੱਲ ਸੁਣਾਈ ਕਿ ਦਿੱਲੀ ਤੋਂ ਦੋ ਪਠਾਣ ਅਕਾਲੀ ਜੀ ਦੀ ਪਿਠ ਪਿਛੇ ਤੁਰ ਪਏ ਤੇ ਉਹ ਨਾਲੇ ਨਾਲ ਹੀ ਤੁਰਦੇ ਰਹੇ। ਅਸਾਨੂੰ ਸ਼ੱਕ ਹੋਇਆ, ਕਿਧਰੇ ਅਕਾਲੀ ਜੀ ਨੂੰ ਨੁਕਸਾਨ ਪਹੁੰਚਾਉਣ ਦੀ ਗ਼ਰਜ਼ ਨਾਲ ਤਾਂ ਨਹੀਂ ਤੁਰ ਰਹੇ। ਅਸੀਂ ਘਬਰਾਈਆਂ ਅਤੇ ਅਸਾਡੇ ਨਾਲ ਜੋ ਸਿੰਘ ਸੀ, ਉਸ ਨੂੰ ਖ਼ਬਰਦਾਰ ਕੀਤਾ ਕਿ ਵੇਖਣਾ, ਹੁਸ਼ਿਆਰ ਰਹਿਣਾ, ਕਿਧਰੇ ਅਕਾਲੀ ਜੀ ਉਪਰ ਵਾਰ ਨਾ ਕਰ ਦੇਣ। ਸਾਡਾ ਸ਼ੱਕ ਹੋਰ ਵੀ ਵਧ ਗਿਆ, ਜਦ ਉਹ ਅਗੇ ਪਿਛੇ ਹੋ ਕੇ ਘੜੀ ਮੁੜੀ ਅਕਾਲੀ ਜੀ ਵਲ ਝਾਕਦੇ ਸਨ।

ਮਾਈਆਂ ਦੀ ਹੈਰਾਨੀ ਦੀ ਹੱਦ ਨਾ ਰਹੀ ਜਦੋਂ ਉਨ੍ਹਾਂ ਪਠਾਣਾਂ ਨੇ ਅਗੇ ਹੋ ਕੇ ਅਕਾਲੀ ਜੀ ਦੇ ਪੈਰ ਪਕੜ ਲਏ ਤੇ ਕਹਿਣ ਲਗੇ, "ਬਾਬਾ, ਹਮ ਸੁਨਤੇ থੇ ਕਿ ਵਲੀ ਔਲੀਆ ਐਸੀ ਸ਼ਕਲ ਮੇਂ ਹੋਤੇ ਹੈਂ ਜੈਸੀ ਆਪ ਕੀ ਹੈ, ਇਸ ਲੀਏ ਹਮਾਰਾ ਦਿਲ ਆਪ ਕੇ ਦੀਦਾਰ ਕੋ ਕੀਆ ਹੈ ਔਰ ਜੀ ਚਾਹਤਾ ਹੈ ਕਿ ਆਪ ਕੇ ਦੀਦਾਰ ਕਰਤੇ ਹੀ ਜਾਏਂ।"

ਅਕਾਲੀ ਜੀ ਨੇ ਉਨ੍ਹਾਂ ਪਠਾਣਾਂ ਨੂੰ ਬੜੇ ਸਤਿਕਾਰ ਨਾਲ ਉਪਰ ਵਲ ਇਸ਼ਾਰਾ ਕਰ ਕੇ ਕਿਹਾ, "ਭਾਈ, ਵਲੀ ਔਲੀਆ ਤੋ ਵਹੀ ਹੈ, ਉਸ ਕੀ ਪ੍ਰਸਤਿਸ਼ ਵ ਦੀਦਾਰ ਕਰਨੇ ਚਾਹੀਏਂ।"

**ਆਪਣੀ ਮਾਨਤਾ ਨਾ-ਪਸੰਦ—**

ਅਕਾਲੀ ਜੀ ਇਸ ਗੱਲ ਦੇ ਸਖ਼ਤ ਵਿਰੁਧ ਸਨ ਕਿ ਕੋਈ ਉਨ੍ਹਾਂ ਨੂੰ ਮੱਥਾ ਟੇਕੇ ਜਾਂ ਉਨ੍ਹਾਂ ਦੇ ਪੈਰਾਂ ਨੂੰ ਹੱਥ ਲਾਏ। ਜੇ ਕੋਈ ਕੋਸ਼ਸ਼ ਕਰਦਾ ਤਾਂ ਆਪ ਉਸ ਦੇ ਹੱਥ ਫੜ ਲੈਂਦੇ ਤੇ ਆਖਦੇ, "ਸਿੰਘ ਨੂੰ 'ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫ਼ਤਹ' ਬੁਲਾਉਣ ਦਾ ਹੁਕਮ ਹੈ, ਅਤੇ ਗੁਰੂ ਤੋਂ ਬਗ਼ੈਰ ਕਿਸੀ ਅਗੇ ਇਹ ਸੀਸ ਨਹੀਂ ਝੁਕਣਾ ਚਾਹੀਏ।" ਉਨ੍ਹਾਂ ਨੂੰ ਇਹ ਦ੍ਰਿੜ੍ਹ ਵਿਸ਼ਵਾਸ ਸੀ ਤੇ ਹੋਰਨਾਂ ਨੂੰ ਪੂਰਨ ਵਿਸ਼ਵਾਸ ਦਿਵਾਉਂਦੇ ਸਨ ਕਿ ਕਿਸੀ ਨੂੰ ਹੱਕ ਹਾਸਲ ਨਹੀਂ ਕਿ ਉਹ ਕਿਸੀ ਪਾਸੋਂ ਮੱਥਾ ਟਿਕਾਕੇ; ਸਭ ਗੁਰੂ ਕੇ ਸਿੰਘ ਹਨ ਤੇ ਸਭਨਾਂ ਦਾ ਦਰਜਾ ਇਕ ਹੈ।

ਕੋਈ ਮੋਮਨ ਉਨ੍ਹਾਂ ਨੂੰ ਆਖਦਾ, "ਬਾਬਾ ਜੀ, ਸਲਾਮ।" ਤਾਂ ਆਪ ਦੋਹਾਂ ਹੱਥਾਂ ਨਾਲ ਸਫਾਜੰਗ ਜਾਂ ਸ੍ਰੀ ਸਾਹਿਬ ਉਪਰ ਵਲ ਕਰ ਕੇ ਉਚੀ ਆਖਦੇ, "ਸਾਹਿਬ ਕੋ।"

ਸਿੰਘਾਂ ਨੂੰ ਉਹ ਹੱਥ ਜੋੜ ਕੇ ਹੀ ਫ਼ਤਹ ਗਜਾਉਣ ਤੇ ਹੀ ਜ਼ੋਰ ਦਿੰਦੇ ਸਨ ਤੇ ਕਹਿੰਦੇ ਸਨ, 'ਖੂੰਡੀ ਸੋਟੀ ਉਪਰ ਕਰ ਕੇ ਫ਼ਤਹ ਦਾ ਉਤਰ ਦੇਣਾ ਜਾਂ ਜਵਾਬ ਵਿਚ ਸਿਰ ਹਿਲਾ ਦੇਣਾ ਸਿੰਘਾਂ ਲਈ ਠੀਕ ਨਹੀਂ।'



www.AKJ.Org

# ਸ਼ਹੀਦੀ ਤੇ ਪੀੜਤ-ਪਰਵਾਰ ਫ਼ੰਡ

ਦਿੱਲੀ, ਕਾਨਪੁਰ ਅਤੇ ਭਾਰਤ ਦੇ ਹੋਰ ਪ੍ਰਾਂਤਾਂ ਵਿਚ ਨਵੰਬਰ ਦੇ ਪਹਿਲੇ ਹਫ਼ਤੇ ਸਿੱਖਾਂ ਦਾ ਜੋ ਕਤਲੇ-ਆਮ ਹੋਇਆ, ਅਖੰਡ ਕੀਰਤਨੀ ਜਥੇ ਦੇ ਵੀ ਕਈ ਪਰਵਾਰ ਤਬਾਹ ਤੇ ਬਰਬਾਦ ਹੋਏ ਅਤੇ ਕਈ ਗੁਰੂ ਕੇ ਲਾਲ ਜੂਝ ਕੇ ਸ਼ਹੀਦੀਆਂ ਪਾ ਗਏ, ਅਨੇਕਾਂ ਬੀਬੀਆਂ ਵਿਧਵਾ ਹੋਈਆਂ ਤੇ ਹਜ਼ਾਰਾਂ ਬੱਚੇ ਯਤੀਮ ਹੋਏ, ਇਨ੍ਹਾਂ ਪੀੜਤ ਪਰਵਾਰਾਂ ਦੀ ਸਹਾਇਤਾ ਲਈ ਅਸਾਂ ਆਪਣਾ ਫ਼ਰਜ਼ ਨਿਭਾਣਾ ਹੈ। ਇਸ ਸੰਬੰਧ ਵਿਚ ਜੋ **ਰਕਮਾਂ ਚੈਕਾਂ ਜਾਂ ਡਰਾਫਟਾਂ ਰਾਹੀਂ ਭੇਜੀਆਂ ਜਾਂਦੀਆਂ ਹਨ, ਉਨ੍ਹਾਂ ਉਪਰ ਕਿਸੇ ਦਾ ਜ਼ਾਤੀ ਨਾਮ ਨਾਂ ਲਿਖੋ, ਕੇਵਲ "ਅਖੰਡ ਕੀਰਤਨੀ ਜਥਾ ਅੰਮ੍ਰਿਤਸਰ" ਹੀ ਲਿਖੋ ਜੀ।**

| | |
|---|---|
| ਗੁਪਤ, ਸ੍ਰੀ ਅੰਮ੍ਰਿਤਸਰ | ੫੦-੦੦ |
| ਮਿਸਜ਼ ਪਾਲ ਮਹਿੰਦਰ ਸਿੰਘ ਫਰੀਦਕੋਟ | ੧੫੦੦-੦੦ |
| ਸ: ਭਗਤ ਸਿੰਘ ਖਾਲਸਾ ਬੁਕਸੈਲਰ ਹੁਸ਼ਿਆਰਪੁਰ | ੨੫-੦੦ |
| ਸ: ਅਵਤਾਰ ਸਿੰਘ ਚੀਮਾ ਖ਼ੈਰਾਬਾਦ | ੨੫-੦੦ |
| ਸ: ਉਜਾਗਰ ਸਿੰਘ ਜਲੰਧਰ | ੫੦-੦੦ |
| ਸ: ਮਨਜੀਤ ਸਿੰਘ Spg. Mills, ਲੁਧਿਆਣਾ | ੧੦੧-੦੦ |
| ਦੋ ਪਰਵਾਰ, ਕੋਟਾ | ੪੫੮-੦੦ |
| ਬੇਦੀ ਕਰਤਾਰ ਸਿੰਘ ਪ੍ਰੀਤਮ ਕੌਰ, ਮੇਰਠ | ੧੦੦੦-੦੦ |
| ਸ: ਗੁਰਚਰਨ ਸਿੰਘ ਧਨਬਾਦ | ੧੦੦੦-੦੦ |
| ਡਾ:ਚਰਨਸਿੰਘਤਲਵੰਡੀ ਡਡੀਆਂ (ਹੁਸ਼ਿਆਰਪੁਰ) | ੧੨੫-੦੦ |
| Cpl. ਸੁਰਿੰਦਰ ਸਿੰਘ 64 Sqdn A. F. | ੨੦੦੦-੦੦ |
| ਸੋਢੀ ਬਲਬੀਰ ਸਿੰਘ ਨੰਗਲ ਟਾਊਨਸ਼ਿਪ | ੫੦੦-੦੦ |
| ਸ: ਮਹਿੰਦਰ ਸਿੰਘ ਖਾਲਸਾ ,, ,, | ੧੨੫-੦੦ |
| ਸਰਵੇਅਰ ਹਰਜਿੰਦਰ ਸਿੰਘ 715(1)A.D. Bde | ੧੬੦-੦੦ |
| ਸ: ਪ੍ਰਿਤਪਾਲ ਸਿੰਘ ਪਲਸੋਰਾ ਚੰਡੀਗੜ੍ਹ | ੫੦੦-੦੦ |
| ਗੁਪਤ ਫੀਰੋਜ਼ਪੁਰ | ੧੦੦-੦੦ |
| ,, ,, (ਸਮਾਗਮ ਚੜ੍ਹਾਵਾ) | ੧੮੫-੦੦ |
| ਸ: ਗੁਰਬਖ਼ਸ਼ ਸਿੰਘ ਗੁਮਟਾਲਾ (ਅੰਮ੍ਰਿਤਸਰ) | ੧੦੦-੦੦ |
| ਭਾਈ ਕਿਰਪਾਲ ਸਿੰਘ ਸ੍ਰੀ ਅੰਮ੍ਰਿਤਸਰ | ੨੦੦-੦੦ |
| ਸ: ਸੋਹਣ ਸਿੰਘ, ਜੈਪੁਰ | ੫੦੦-੦੦ |
| ਸ: ਗੁਰਮੀਤ ਸਿੰਘ ਐਸ. ਡੀ. ਓ. ਮੋਹਾਲੀ | ੧੦੦੦-੦੦ |
| ਸ: ਜਗਜੀਤ ਸਿੰਘ ਮਨਜੀਤ ਟ੍ਰੇਡਰਜ਼ ਤਲਵੰਡੀ ਭਾਈ | ੩੩੦-੦੦ |
| ਸਮੂਹ ਸੰਗਤ ਰਾਜਸਥਾਨ | ੫੦੦-੦੦ |
| ਭਾ: ਮਹਿੰਦਰ ਸਿੰਘ Sr Eng. ਸ੍ਰੀਗੋਇੰਦਵਾਲ | ੧੦੦੦-੦੦ |
| ਅਖੰਡ ਕੀਰਤਨੀ ਜਥਾ ਟਾਂਡਾ ਏਰੀਆ | ੨੦੦-੦੦ |
| ਭਾ: ਅਜੀਤ ਸਿੰਘ ਜੋਤ ਕਰਿਆਨਾ ਭੰਡਾਰ Asr. | ੩੦੦-੦੦ |
| ਭਾ:ਜਸਵਿੰਦਰ ਸਿੰਘ ਸਪੁਤ੍ਰ ਭਾ:ਅਜੀਤ ਸਿੰਘ ,, | ੨੦੦-੦੦ |

| | |
|---|---|
| ਸ: ਪਰਤਾਪ ਸਿੰਘ ਸ਼ਾਕਪੁਰੀ, ਮੇਰਠ ਛਾ: | ੫੦੦-੦੦ |
| ਸ: ਸੋਹਣ ਸਿੰਘ ਨਵਾਂ ਪਿੰਡ ਮਿਲਖੀ ਵਾਲਾ | ੨੦੦-੦੦ |
| ਗੁਪਤ c/o ਪੰਜਾਬ ਸਿੰਧ ਬੈਂਕ, ਜਲੰਧਰ | ੫੦੦-੦੦ |
| ਸ: ਮਨਜੀਤ ਸਿੰਘ Spg. Mills, ਲੁਧਿਆਣਾ | ੫੧-੦੦ |
| ਨੈ: ਸੂ: ਹਰਦੇਵ ਸਿੰਘ ਖਾਲਸਾ,390ਕੰ: ASC | ੧੦੦-੦੦ |
| ਸ:ਹਰਦੇਵਸਿੰਘ ਸਕੰ:ਸਕੂਲ ਅਰੈਨ ਗੰਗਾਨਗਰ | ੧੦੦-੦੦ |
| ਸ: ਦਿਲਬਾਗ ਸਿੰਘ ,, ,, ,, | ੫੦-੦੦ |
| ਸ: ਹਾਕਮ ਸਿੰਘ ,, ,, ,, | ੫੦-੦੦ |
| ਸ: ਚਰਨ ਸਿੰਘ ,, ,, ,, | ੩੦-੦੦ |
| ਸ: ਜੀਤ ਸਿੰਘ ,, ,, ,, | ੫੦-੦੦ |
| ਸ: ਜੋਗਿੰਦਰ ਸਿੰਘ ,, ,, ,, | ੩੦-੦੦ |
| ਸ: ਭੂਪਿੰਦਰ ਸਿੰਘ, ਅਜਿੰਦਰ ਸਿੰਘ ਪਰਵਿੰਦਰ ਸਿੰਘ, ਨਵੀਂ ਦਿਲੀ | ੧੫੦-੦੦ |
| ਸ: ਪਾਲ ਸਿੰਘ ਸਿਵੀਆ, ਮੋਗਾ | ੨੦੦-੦੦ |
| ਗੁਰਮੀਤ ਕੌਰ ਅਜੀਤ ਨਗਰ ਦੇ ਅਨੰਦ ਤੇ | ੫੨-੦੦ |
| ਬੀਬੀ ਨਰਿੰਦਰ ਕੌਰ ਭਹੇਵਾ | ੨੦-੦੦ |
| ਬੀਬੀ ਕੁਲਵੰਤ ਕੌਰ ਦਾਦੂਪੁਰ | ੧੦-੦੦ |
| ਗੁਪਤ ,, | ੩੧-੦੦ |
| ਭਾਈ ਬਲਦੇਵ ਸਿੰਘ ਦਾਦੂਪੁਰ | ੧੦੧-੦੦ |
| ਭਾ: ਸੰਤ ਸਿੰਘ ਤ੍ਰਿਲੋਕ ਸਿੰਘ ਜਲੰਧਰ | ੧੧੦੦-੦੦ |
| ਮਾਤਾ ਦਰਬਾਰ ਕੌਰ ,, | ੨੧੦-੦੦ |
| ਭਾ: ਦਵਿੰਦਰ ਸਿੰਘ ਤ੍ਰਿਲੋਚਨ ਸਿੰਘ ,, | ੨੦੦-੦੦ |
| ਸ: ਗੁਰਬਚਨ ਸਿੰਘ ਗੁਲਾਟੀ ,, | ੧੦੧-੦੦ |
| ਸ: ਹਰਭਜਨ ਸਿੰਘ ,, | ੧੦੧-੦੦ |
| ਸ: ਸੁਖਦੇਵ ਸਿੰਘ ,, | ੧੦੦-੦੦ |
| ਗੁਪਤ ,, | ੫੦-੦੦ |
| ਸ: ਦਿਲਬਾਗ ਸਿੰਘ ਬਿਰਦੀ ਇੰਡਸਟ੍ਰੀ ਲੁਧਿਆਣਾ | ੫੧-੦੦ |
| ਸ: ਅਮਰੀਕ ਸਿੰਘ ਬੈਰਮਪੁਰ (ਰੋਪੜ) | ੫੦੦-੦੦ |



www.AKJ.Org

| | |
|---|---|
| ਸ: ਰਾਜਿੰਦਰ ਸਿੰਘ ਲੁਧਿਆਣਾ | ੧੦-੦੦ |
| ਸੰਗਤ ਸ੍ਰੀ ਗੁਰੂ ਨਾਨਕ ਸਿੰਘ ਸਭਾ ਭੁਜ ਕਛ | ੧੩੨੦-੦੦ |
| ਪ੍ਰਕਾਸ਼ ਸਾਈਕਲ ਸਟੋਰ ਅੰਮ੍ਰਿਤਸਰ | ੪੯-੯੦ |
| ਸ: ਪ੍ਰੀਤਮ ਸਿੰਘ ਬਉਰਾ ਸਾਊਥ ਹਾਲ | ੪੦੦੦-੦੦ |
| ਸਕੂਲ ਸਟਾਫ ਗੌ: ਹਾ: ਸਕੂਲ ਮਹਿਮਾ ਸਰਜਾ | ੨੯੫-੦੦ |
| ਸਾ: ਦਿਲਬਾਗ ਸਿੰਘ P. A. U ਲੁਧਿਆਣਾ | ੨੦੦-੦੦ |
| ਸ:ਪ੍ਰੀਤਮ ਸਿੰਘ ਅੰਮ੍ਰਿਤਸਰ ਬੱਚੀ ਦੇ ਅਨੰਦ ਤੇ | ੨੭੧-੩੩ |
| ਸ: ਕੁਲਦੀਪ ਸਿੰਘ ਜ਼ੀਰਾ ਕਾਕਾ ਜਸਵਿੰਦਰ ਸਿੰਘ ਦੇ ਅਨੰਦ ਸਮੇਂ | ੨੦੦-੭੦ |
| ਸ: ਹਰਭਜਨ ਸਿੰਘ ਪਟਿਆਲਾ | ੧੧੩੭-੦ |
| ਗੁਪਤ ਪਟਿਆਲਾ ਸਮਾਗਮ ਸਮੇਂ | ੫੦੦-੭੦ |
| ਸ: ਅਮਰਜੀਤ ਸਿੰਘ ਚੰਡੀਗੜ੍ਹ | ੩੦੦-੦੦ |
| ਮਾਸਟਰ ਸਤਵੰਤ ਸਿੰਘ ਰਾਮਪੁਰ | ੧੫੦੦-੦੦ |
| ਭਾਈ ਸੰਤੋਖ ਸਿੰਘ ਜੰਡਿਆਲੀ | ੧੦੦-੦੦ |
| ਸ: ਹਰਜੀਤ ਸਿੰਘ ਸਪੁਤ੍ਰ ਸ:ਬੁਧ ਸਿੰਘ ਸਰਹਿੰਦ | ੨੦੦-੦੦ |
| ਸ: ਬੀਰ ਸਿੰਘ ਅਲੀਪੁਰ | ੨੫-੦੦ |
| ਸ: ਹਰਨਾਮ ਸਿੰਘ ਪਟਿਆਲਾ | ੫੧-੦੦ |
| ਗੁਪਤ ਪ੍ਰੇਮੀ (ਪਟਿਆਲਾ ਸਮਾਗਮ) | ੧੦੧-੦੦ |
| ਸ: ਖਜ਼ਾਨ ਸਿੰਘ ਚੰਡੀਗੜ੍ਹ | ੫੦੦-੦੦ |
| ਅਖੰਡ ਕੀਰਤਨੀ ਜਥਾ ਭੂਪਾਲ | ੫੦੦-੦੦ |
| ਸ: ਹਰਬੰਸ ਸਿੰਘ ਹਮੀਰਗੜ੍ਹ | ੧੦੦-੦੦ |
| ਭਾ: ਗੋਪਾਲ ਸਿੰਘ ਕਢਾਈ ਵਾਲੇ ਬਟਾਲਾ | ੫੧-੦੦ |
| ਗਿ: ਸ਼ਮਸ਼ੇਰ ਸਿੰਘ ਖੇਤਰੀ ਨਗਰ (ਰਾਜਸਥਾਨ) | ੫੦-੦੦ |
| ਐਚ. ਐਸ. ਤੇਜਾ ਵੈਨਕੋਵਰ ਕੈਨੇਡਾ | ੯੯੪-੦੦ |

| | |
|---|---|
| ਸ: ਅਮੋਲਕ ਸਿੰਘ ਮਕਿੰਦੂ ਕੈਨੇਆ | ੪੯੪-੦੦ |
| ਸ: ਮਹਿੰਦਰ ਸਿੰਘ ਮੁਜ਼ੱਫਰ ਨਗਰ | ੫੦-੦੦ |
| ਸ: ਅਵਤਾਰ ਸਿੰਘ ਚੀਮਾ ਖੈਰਾਬਾਦ | ੫੦-੦੦ |
| ਬੀਬੀ ਪ੍ਰੀਤਮ ਕੌਰ ਵੋਲਵਰ ਹੈਂਮਟਨ ਯੂ. ਕੇ. | ੭੦-੬੦ |
| ਬੀਬੀ ਗੁਰਮੀਤ ਕੌਰ ,, ,, | ੭੦-੬੦ |
| ਗੁਪਤ ਪ੍ਰੇਮੀ ਫ਼ਰੀਦਾਬਾਦ | ੩੧-੦੦ |
| ਸ: ਕਿਸ਼ਨ ਸਿੰਘ ਕਾਨਪੁਰ | ੧੦੦੦-੦੦ |
| ਗੁਪਤ ਪ੍ਰੇਮੀ ਥਰਾਜ ਵਾਲਾ | ੧੫੧-੦੦ |
| ਸ: ਹਰਸਾ ਸਿੰਘ ਕਾਨਪੁਰ | ੧੦੦-੦੦ |
| ਸ: ਦਰਸ਼ਨ ਸਿੰਘ ਸਪੁਤ੍ਰ ਸ: ਟਹਿਲ ਸਿੰਘ ਮੂਲੀਆਂਵਾਲ | ੫੦-੦੦ |
| ਪਰਵਾਰ ਨੈਬ ਸੂਬੇਦਾ'ਰ ਜਗਜੀਤ ਸਿੰਘ | ੫੭੦-੦੦ |
| ਇਕ ਸਿੰਘ ਜੀ ਮੁਕਤਸਰ | ੧੦੦-੦੦ |
| ਇਕ ਹੋਰ ਸਿੰਘ ਜੀ ਮੁਕਤਸਰ | ੧੦੦-੦੦ |
| ਭਾਈ ਕੁਲਦੀਪ ਸਿੰਘ ਜੀ ਨੇਵੀ ਬੰਬੇ | ੧੦੦-੦੦ |
| ਸਾ: ਸੁਖਵਿੰਦਰ ਸਿੰਘ ਅਹਿਮਦਾਬਾਦ | ੯੯੬-੦੦ |
| ਭਾ:ਜੋਗਿੰਦਰਸਿੰਘ ਲਖਨਊ ਬੱਚੇ ਦੇ ਅਨੰਦ ਸਮੇਂ | ੫੧-੦੦ |
| ਸ: ਗੁਰਚਰਨ ਸਿੰਘ ਸਪੁਤ੍ਰ ਸ: ਪ੍ਰੀਤਮ ਸਿੰਘ ਸਾਊਥਾਲ | ੪੦੦੦-੦੦ |
| ਜੋੜ | ੩੭੨੨੬-੪੩ |
| ਪਿਛਲੇ ਮਹੀਨੇ ਦਾ ਜੋੜ | ੩੮੯੦੬-੫੮ |
| ਅੱਜ ੨੩-੨-੮੫ ਤਕ ਕੁਲ ਜੋੜ | ੭੬੧੩੩-੦੧ |

ਛੇ ਚੈਕ, ਡਰਾਫ਼ਟ ੭੭੩੫੫।—ਦੇ ਕੈਸ਼ ਹੋਣ ਲਈ ਗਏ ਹਨ।

ਖਾਲਸਾ ਜੀ ਦਾ ਸੇਵਕ—ਰਾਮ ਸਿੰਘ (ਜਥੇਦਾਰ) ਅਖੰਡ ਕੀਰਤਨੀ ਜਥਾ

## ਪੀੜਤ ਪਰਵਾਰਾਂ ਨੂੰ ਸਹਾਇਤਾ

ਦਿਲੀ, ਕਾਨਪੁਰ ਅਤੇ ਭਾਰਤ ਦੇ ਹੋਰ ਸ਼ਹਿਰਾਂ ਵਿਚ ਸਿਖਾਂ ਤੇ ਜੋ ਜ਼ੁਲਮ ਤੇ ਕਹਿਰ ਢਾਹੇ ਗਏ ਹਨ, ਉਸ ਸੰਬੰਧ ਵਿਚ ਸੰਗਤਾਂ ਵਲੋਂ ਆਈ ਮਾਇਆ ਵਿਚੋਂ, ਪੀੜਤ ਪਰਵਾਰਾਂ ਨੂੰ ਹੇਠ ਲਿਖੇ ਅਨੁਸਾਰ ਮਾਇਆ ਦਿਤੀ ਗਈ ਤੇ ਦਿਤੀ ਜਾ ਰਹੀ ਹੈ—

| | |
|---|---|
| (੧) ਸ: ਕੁਲਵੰਤ ਸਿੰਘ ਸਪੁਤਰ ਸ: ਮਹਿਲ ਸਿੰਘ ਸੂਰਤ ਸਿੰਘ ਰੋਡ, ਅੰਮ੍ਰਿਤਸਰ ਨੂੰ ਸਾਈਕਲ ਤੇ ਪੰਪ | ੫੩੧-੨੫ |
| (੨) ਸ: ਦਰਸ਼ਨ ਸਿੰਘ ਸਪੁਤਰ ਸ: ਮਹਿਲ ਸਿੰਘ (ਕਾਨਪੁਰ ਤੋਂ) ਨੂੰ ਸਾਈਕਲ | ੫੧੮-੬੫ |
| (੩) ਸ਼ਹੀਦ ਭਾਈ ਗੁਰਚਰਨ ਜੀਤ ਸਿੰਘ ਦੀ ਸਿੰਘਣੀ, ਸ਼ੰਕਰ ਨਗਰ ਕਾਨਪੁਰ ਨੂੰ | ੧੦,੦੦੦-੦੦ |
| (੪) ਬੀਬੀ ਸੰਪੂਰਨ ਕੌਰ ਜੀ ਸੁਪਤਨੀ ਸ਼ਹੀਦ ਭਾਈ ਨਿਰਮਲ ਸਿੰਘ ਪਾਲਮ ਕਾਲੋਨੀ, ਦਿਲੀ | ੧੦,੦੦੦-੦੦ |
| (੫) ਸ਼ਹੀਦ ਭਾਈ ਦਰਸ਼ਨ ਸਿੰਘ ਜੀ ਦੀ ਸੁਪਤਨੀ ਬੀ: ਜੋਗਿੰਦਰ ਕੌਰ ਉਤਮ ਨਗਰ ਦਿਲੀ ਨੂੰ | ੧੦,੦੦੦-੦੦ |
| (੬) ਸ਼ਹੀਦ ਗਿ: ਦਾਤਾਰ ਸਿੰਘ ਜੀ ਦੀ ਸੁਪਤਨੀ ਬੀ: ਮਾਨ ਕੌਰ ਨੰਦ ਨਗਰੀ ਦਿਲੀ ਨੂੰ | ੧੦,੦੦੦-੦੦ |
| (੭) ਬੀਬੀ ਬਲਬੀਰ ਕੌਰ ਸੁਪਤਨੀ ਭਾਈ ਤਰਸੇਮ ਸਿੰਘ ਲੁਧਿਆਣਾ ਨੂੰ | ੧੦,੦੦੦-੦੦ |
| (੮) ਬੀਬੀ ਨਿਰਮਲ ਕੌਰ ਸੁਪਤਨੀ ਭਾਈ ਵਧਾਵਾ ਸਿੰਘ ਲੁਧਿਆਣਾ ਨੂੰ | ੧੦,੦੦੦-੦੦ |

ਇਹ ਤੁਛ ਮਾਤਰ ਸੇਵਾ ਉਪਰੋਕਤ ਪਰਵਾਰਾਂ ਦੀ ਕੀਤੀ ਜਾ ਰਹੀ ਹੈ। ਜਿਉਂ ਜਿਉਂ ਹੋਰ ਦੁਖੀ ਪਰਵਾਰਾਂ ਦੀ ਤਸੱਲੀ ਬਖ਼ਸ਼ ਸੂਹ ਮਿਲਦੀ ਜਾਏਗੀ, ਲੋੜ ਅਨੁਸਾਰ ਉਨ੍ਹਾਂ ਦੀ ਜੋ ਸੇਵਾ ਬਣ ਆਵੇਗੀ, ਕੀਤੀ ਜਾਵੇਗੀ।

ਖਾਲਸਾ ਜੀ ਦਾ ਸੇਵਕ—ਰਾਮ ਸਿੰਘ (ਜਥੇਦਾਰ) ਅਖੰਡ ਕੀਰਤਨੀ ਜਥਾ ਕੇਂਦਰੀ ਦਫ਼ਤਰ, ਸ੍ਰੀ ਅੰਮ੍ਰਿਤਸਰ।

www.AKJ.Org

# ਅਖੰਡ ਕੀਰਤਨੀ ਜਥਾ ਯੂ. ਕੇ. ਵਲੋਂ ਗੁਰਮਤਿ ਸਮਾਗਮ

ਭਾਈ ਗੁਰਨਾਮ ਸਿੰਘ ਜੀ ਸੂਚਨਾ ਦੇਂਦੇ ਹਨ ਕਿ ਯੂ. ਕੇ. ਅਖੰਡ ਕੀਰਤਨੀ ਜਥਾ ਵਲੋਂ ਹੇਠ ਲਿਖੇ ਪ੍ਰੋਗਰਾਮ ਹੋ ਰਹੇ ਹਨ—ਸ੍ਰੀ ਅਖੰਡਪਾਠ ੫ ਤੋਂ ੭ ਅਪ੍ਰੈਲ ਅਤੇ ਰੈਣ ਸਬਾਈ ਕੀਰਤਨ ੭ ਅਪ੍ਰੈਲ ੧੯੮੫ ਰਾਤ ਨੂੰ ਬੀਬੀ ਮਨਮੋਹਨ ਕੌਰ ਜੀ ਵਲੋਂ ਪੰਥ ਦੀ ਚੜ੍ਹਦੀ ਕਲਾ ਅਤੇ ਪਰਵਾਰ ਦੀ ਚੜ੍ਹਦੀ ਕਲਾ ਲਈ ਤੇ ਨਾਮ ਦੀ ਦਾਤ ਬਖਸ਼ਣ ਲਈ ਅਰਜ਼ੋਈ ਹੈ। ਸਮਾਗਮ ਗੁਰਦਵਾਰਾ ਸਿਖ ਟੈਂਪਲ, ਨੀਊ ਸਟਰੀਟ, ਲੈਮਿੰਗਟਨ SPA ਵਿਖੇ ਹੋਣਗੇ। ਰੈਣ ਸਬਾਈ ਦੇ ਭੋਗ ੮-੪-੮੫ ਨੂੰ ਸਵੇਰੇ ੬ ਵਜੇ ਪੈਣਗੇ। ਪੁਛ ਗਿਛ ਲਈ—ਭਾਈ ਜਰਨੈਲ ਸਿੰਘ ਰਘਬੀਰ ਸਿੰਘ ਫੋਨ ੦੯੨੬-੩੦੦੦੮

ਗੁਰਦਵਾਰਾ ਫੋਨ ੦੯੨੬-੨੪੨੯੭, ਬੀ: ਮਨਮੋਹਨ ਕੌਰ ਫੋਨ ੦੯੨੬-੮੮੩੪੮੯

**ਰੈਣ ਸਬਾਈ ਕੀਰਤਨ**—੧੬ ਮਾਰਚ ਸ਼ਨੀਵਾਰ ਦੀ ਰਾਤ ਨੂੰ ਸਾਰੀ ਰਾਤ ਦੇ ਕੀਰਤਨ ਭਾਈ ਸੋਹਨ ਸਿੰਘ ਜੀ, ੨੧੮ ਵੈਸਟਹਮ ਰੋਡ, ਸਲੋਅ, ਫੋਨ ਨੰ: ੦੭੫੩-੩੦੬੨੪ (ਬਰਕਸ) ਦੇ ਗ੍ਰਿਹ ਵਿਖੇ ਹੋਣਗੇ। ਆਇ ਜੁੜੋ ਜੀ।

---

## ਬਲੋਲਪੁਰ (ਗੁਰਦਾਸਪੁਰ) ਵਿਖੇ ਡਾ: ਬਸੰਤ ਸਿੰਘ ਜੀ ਦੀ ਯਾਦ ਵਿਚ ਸਮਾਗਮ

ਗੁਰਮੁਖ ਪਿਆਰੇ ਡਾਕਟਰ ਬਸੰਤ ਸਿੰਘ ਜੀ ਸੇਖਵਾਂ ਭਾ: ਸਾ: ਭਾਈ ਰਣਧੀਰ ਸਿੰਘ ਜੀ ਦੇ ਨਿਕਟਵਰਤੀ ਗੁਰੂ ਕੇ ਲਾਲ ਸਨ। ਡਾਕਟਰ ਜੀ ਦੀ ਯਾਦ ਵਿਚ ਉਨ੍ਹਾਂ ਦੇ ਅਸਥਾਨ ਗੁਰਦੁਆਰਾ ਪਿੰਡ ਬਲੋਲਪੁਰ ਵਿਚ ੨੧ ਮਾਰਚ ਸਵੇਰੇ ੪ ਤੋਂ ੭ ਤਕ ਆਸਾ ਦੀ ਵਾਰ ਦੇ ਕੀਰਤਨ ਤੋਂ ਉਪਰੰਤ ਸ੍ਰੀ ਅਖੰਡਪਾਠ ਅਰੰਭ ਹੋਣਗੇ। ੨੩ ਮਾਰਚ ਸ਼ਨੀਵਾਰ ਸਵੇਰੇ ਅਖੰਡ ਪਾਠ ਦੇ ਭੋਗ ਤੋਂ ਉਪਰੰਤ ੬ ਤੋਂ ੧੦ ਤਕ ਕੀਰਤਨ ਹੋਣਗੇ। ਸ਼ਾਮ ਨੂੰ ੬ ਵਜੇ ਅੰਮ੍ਰਿਤ-ਸਿੰਚਾਰ ਸਮਾਗਮ ਅਰੰਭ ਹੋਣਗੇ ਅਤੇ ਰਾਤ ਨੂੰ ਰੈਣ ਸਬਾਈ ਕੀਰਤਨ ਹੋਣਗੇ। ਆਇ ਜੁੜੋ ਤੇ ਲਾਹੇ ਪ੍ਰਾਪਤ ਕਰੋ ਜੀ।

ਦਾਸਰੇ—ਅਖੰਡ ਕੀਰਤਨੀ ਜਥਾ, ਗੁਰਦਾਸਪੁਰ

---

## ਮੂਸਾ ਪੁਰ (ਜਲੰਧਰ) ਵਿਖੇ ਰੈਣ ਸਬਾਈ ਕੀਰਤਨ

ਭਾਈ ਰਾਜਿੰਦਰ ਸਿੰਘ ਸੂਚਨਾ ਦੇਂਦੇ ਹਨ ਕਿ ਗੁਰਦਵਾਰਾ ਸਾਹਿਬ ਮੂਸਾਪੁਰ ਵਿਖੇ ੨੩ ਮਾਰਚ ਸ਼ਨੀਵਾਰ ਦੀ ਰਾਤ ਨੂੰ ਰੈਣ ਸਬਾਈ ਕੀਰਤਨ ਹੋਣਗੇ। ਇਹ ਪਿੰਡ ਨਵਾਂ ਸ਼ਹਿਰ ਤੇ ਬੰਗਾ ਦੇ ਦਰਮਿਆਨ ਕਾਹਮੇ ਤੋਂ ਦੋ ਮੀਲ ਹੈ। ਕਾਹਮੇ ਤੋਂ ਰਿਕਸ਼ੇ ਟਾਂਗੇ ਆਮ ਮਿਲਦੇ ਹਨ ਤੇ ਸੰਗਤਾਂ ਨੂੰ ਲਿਜਾਣ ਲਈ ਟ੍ਰਾਲੀ ਦਾ ਖ਼ਾਸ ਪਰਬੰਧ ਹੋਵੇਗਾ। ਦਰਸ਼ਨ ਬਖਸ਼ੋ ਜੀ।

---

## ਫ਼ਰੀਦਕੋਟ ਵਿਖੇ ਮਾਸਕ ਰੈਣ ਸਬਾਈ ਕੀਰਤਨ

ਭਾਈ ਮਹਿੰਦਰ ਸਿੰਘ ਮੁਕਤਸਰ ਵਾਲੇ ਸੂਚਨਾ ਦੇਂਦੇ ਹਨ ਕਿ ੧੬ ਮਾਰਚ ਸ਼ਨੀਵਾਰ ਦੀ ਰਾਤ ਨੂੰ ਗੁਰਦੁਆਰਾ ਬਾਬਾ ਫਰੀਦ ਜੀ, ਫ਼ਰੀਦਕੋਟ ਵਿਖੇ ਰੈਣ ਸਬਾਈ ਕੀਰਤਨ ਦੇ ਨਾਲ ਅੰਮ੍ਰਿਤ-ਸਿੰਚਾਰ ਵੀ ਹੋ ਰਹੇ ਹਨ। ਲਾਹੇ ਪ੍ਰਾਪਤ ਕਰੋ ਜੀ।

---

## ਪਿੰਡ ਪ੍ਰੇਮਪੁਰ (ਹੁਸ਼ਿਆਰਪੁਰ) ਵਿਖੇ ਸ੍ਰੀ ਅਖੰਡਪਾਠ ਤੇ ਕੀਰਤਨ ਦੇ ਪ੍ਰੋਗਰਾਮ

ਪਿੰਡ ਪ੍ਰੇਮ ਪੁਰ ਡਾਕਖਾਨਾ ਤਲਵੰਡੀ ਸੱਲ੍ਹਾਂ (ਹੁਸ਼ਿਆਰਪੁਰ) ਵਿਖੇ ਦੋ ਪ੍ਰੋਗਰਾਮ ਹੋ ਰਹੇ ਹਨ—

(੧) ਭਾਈ ਭੁਲਾ ਸਿੰਘ ਬਲਬੀਰ ਸਿੰਘ ਦੇ ਗ੍ਰਿਹ ਵਿਖੇ ੭ ਅਪ੍ਰੈਲ ਨੂੰ ਸ੍ਰੀ ਅਖੰਡਪਾਠ ਦੇ ਭੋਗ, ਉਪਰੰਤ ੧੨ ਵਜੇ ਤਕ ਕੀਰਤਨ।

(੨) ਭਾਈ ਮਲਕ ਸਿੰਘ ਭੁਲਾ ਸਿੰਘ ਦੇ ਗ੍ਰਿਹ ਵਿਖੇ ੨੨ ਅਪ੍ਰੈਲ ਨੂੰ ਭੋਗ ਸ੍ਰੀ ਅਖੰਡਪਾਠ ਤੇ ਰਾਤ ਨੂੰ ਰੈਣ ਸਬਾਈ ਕੀਰਤਨ

---

**ਤਿੰਨ ਫ਼ੁਟੀ ਕਿਰਪਾਨ—** ਅਖੰਡ ਕੀਰਤਨੀ ਜਥਾ ਪਟਿਆਲਾ ਦੇ ਸੇਵਕ ਭਾਈ ਮਨੋਹਰ ਸਿੰਘ ਜੀ ਬੇਨਤੀ ਕਰਦੇ ਹਨ ਕਿ ਅੰਮ੍ਰਿਤ-ਸਿੰਚਾਰ ਸਮਾਗਮ ਪਟਿਆਲਾ ਸਮੇਂ ਇਕ ਤਿੰਨ ਫੁਟੀ ਕਿਰਪਾਨ ਕਿਸੇ ਸਿੰਘ ਪਾਸ ਭੁਲੇਖੇ ਨਾਲ ਚਲੀ ਗਈ ਹੈ। ਕਿਰਪਾ ਕਰਕੇ ਓਹ ਕਿਰਪਾਨ ਖ਼ਾਲਸਾ ਪੁਸਤਕ ਭੰਡਾਰ ਦੇ ਭਾਈ ਮਨੋਹਰ ਸਿੰਘ ਜੀ, ਨੇੜੇ ਗੁ: ਦੁਖ ਨਿਵਾਰਨ ਸਾਹਿਬ, ਸਾਈਕਲ ਸਟੈਂਡ ਪਟਿਆਲਾ ਪਾਸ ਪਹੁੰਚਾ ਦੇਣ ਦੀ ਖੇਚਲ ਕਰਨ।

---

ਲਾਕਟ ਪ੍ਰਿੰਟਰਜ਼, ਬਜ਼ਾਰ ਬਾਬਾ ਭੌੜੀ ਵਾਲਾ, ਅੰਮ੍ਰਿਤਸਰ ਤੋਂ ਛਪਵਾ ਕੇ ਸੇਵਾ ਸਿੰਘ ਪ੍ਰਿੰਟਰ, ਪਬਲਿਸ਼ਰ ਤੇ ਸੰਪਾਦਕ ਨੇ ਅਖੰਡ ਕੀਰਤਨੀ ਜਥੇ ਵਲੋਂ ਬਜ਼ਾਰ ਮਾਈ ਸੇਵਾਂ, ਕੂਚਾ ਚਤਰ ਸਿੰਘ, ਅੰਮ੍ਰਿਤਸਰ ਤੋਂ ੧.੩.੮੫ ਨੂੰ ਪ੍ਰਕਾਸ਼ਤ ਕੀਤਾ।

ਟੈਲੀਫੋਨ ਨੰਬਰ : 51847 ਘਰ 43094

www.AKJ.Org

# ਵੈਸਾਖੀ ਸਮਾਗਮ ਅਖੰਡ ਕੀਰਤਨੀ ਜਥਿਆਂ ਵਲੋਂ

## *ਅੰਮ੍ਰਿਤਸਰ ਵਿਖੇ ੧੧ ਤੋਂ ੧੪ ਅਪਰੈਲ (ਵੀਰਵਾਰ ਤੋਂ ਐਤਵਾਰ) ਸਵੇਰ ਤਕ*

ਵੇਰਵਾ ਆਉਂਦ 'ਸੂਰਾ' ਪਰਚਾ ਵਿਚ ਵੇਖੋ

---

## ਮੋਗਾ ਵਿਖੇ ਸਾਲਾਨਾ ਰੈਣ ਸਬਾਈ ਕੀਰਤਨ

ਗੁਰਦੁਆਰਾ ਘੋਲੀਆਂ ਵਾਲਾ ਮੇਨ ਬਜ਼ਾਰ ਮੋਗਾ ਵਿਖੇ ਬੀਬੀ ਹਰਜੀਤ ਕੌਰ ਤੇ ਮੋਗੇ ਦੀਆਂ ਸਮੂਹ ਸੰਗਤਾਂ ਵਲੋਂ ੨੩ ਮਾਰਚ ਸ਼ਨੀਵਾਰ ਦੀ ਰਾਤ ਨੂੰ ਰੈਣ ਸਬਾਈ ਕੀਰਤਨ ਹੋ ਰਹੇ ਹਨ। ਦੂਰੋਂ ਨੇੜਿਓਂ ਅਖੰਡ ਕੀਰਤਨੀ ਜਥੇ ਪੁਜ ਕੇ ਹਾਜ਼ਰੀਆਂ ਭਰ ਰਹੇ ਹਨ। ਆਇ ਜੁੜੋ ਤੇ ਲਾਭ ਪ੍ਰਾਪਤ ਕਰੋ ਜੀ। ਦਾਸਰੇ—ਅਖੰਡ ਕੀਰਤਨੀ ਜਥਾ, ਮੋਗਾ

---

## ਮਿੱਠਾ ਪੁਰ (ਜਲੰਧਰ) ਵਿਖੇ ਸ੍ਰੀ ਅਖੰਡਪਾਠ ਤੇ ਦਿਵਸ ਸੁਹੇਲਾ ਕੀਰਤਨ

ਕਰਨਲ ਦਲਜੀਤ ਸਿੰਘ ਜੀ ਤੇ ਬੀਬੀ ਹਰਸ਼ਰਨ ਕੌਰ ਜੀ ਬੇਨਤੀ ਕਰਦੇ ਹਨ ਕਿ ਉਨ੍ਹਾਂ ਦੇ ਨਿਵਾਸ ਮਿੱਠਾ ਪੁਰ ਵਿਖੇ ੨੨ ਤੋਂ ੨੪ ਮਾਰਚ ਤਕ ਸ੍ਰੀ ਅਖੰਡ ਪਾਠ ਹੋਣਗੇ ਅਤੇ ੨੫ ਮਾਰਚ ਐਤਵਾਰ ਸਵੇਰੇ ਸ੍ਰੀ ਅਖੰਡ ਪਾਠ ਦੇ ਭੋਗ ਤੋਂ ਉਪਰੰਤ ਦੁਪਹਿਰ ਤਕ ਅਖੰਡ ਕੀਰਤਨ ਹੋਣਗੇ। ਗੁਰੂ-ਚਰਨਾਂ ਨਾਲ ਜੋੜਨ ਲਈ ਆਇ ਦੀਦਾਰ ਬਖਸ਼ੋ ਜੀ।

---

## ਲੁਧਿਆਣਾ ਵਿਖੇ ਸ਼ਹੀਦ ਭਾਈ ਗੁਰਚਰਨ ਸਿੰਘ ਜੀ ਦੀ ਯਾਦ ਵਿਚ ਸਮਾਗਮ

ਮਾ: ਸਤਵੰਤ ਸਿੰਘ ਸੂਚਤ ਕਰਦੇ ਹਨ ਕਿ ਸ਼ਹੀਦ ਭਾਈ ਗੁਰਚਰਨ ਸਿੰਘ ਦੇ ਗ੍ਰਿਹ ੧੯-ਚੀਮਾ ਪਾਰਕ (ਵੀਰ ਪਰਵਾਰ ਨੇੜੇ ਮਾਡਲ ਗ੍ਰਾਮ ਰੇਲਵੇ ਸਟੇਸ਼ਨ) ਵਿਖੇ ੨੩ ਮਾਰਚ ਸ਼ਨੀਵਾਰ ਸਵੇਰੇ ਸ੍ਰੀ ਅਖੰਡ ਪਾਠ ਦੇ ਭੋਗ ਤੋਂ ਉਪਰੰਤ ੧੧ ਵਜੇ ਤਕ ਅਖੰਡ ਕੀਰਤਨ ਹੋਣੇ ਹਨ। ਸ਼ਨੀਵਾਰ ਦੀ ਰਾਤ ਨੂੰ ਰੈਣ ਸਬਾਈ ਕੀਰਤਨ ਗ: ਸ੍ਰੀ ਗੁਰੂ ਸਿੰਘ ਸਭਾ ਮਾਡਲ ਟਾਊਨ ਲੁਧਿਆਣਾ ਵਿਖੇ ਹੋਣਗੇ. ਐਤਵਾਰ ਸਵੇਰੇ ਸਮਾਪਤੀ। ਆਇ ਜੁੜੋ ਜੀ। ਦਾਸਰੇ—ਅਖੰਡ ਕੀਰਤਨੀ ਜਥਾ, ਲੁਧਿਆਣਾ

---

## ਕੁਰਾਲਾ (ਹੁਸ਼ਿਆਰਪੁਰ) ਵਿਖੇ ਸ਼ਹੀਦ ਭਾਈ ਅਵਤਾਰ ਸਿੰਘ ਜੀ ਦੀ ਯਾਦ ਵਿਚ ਸਮਾਗਮ

ਭਾਈ ਕਿਰਪਾਲ ਸਿੰਘ ਜੀ ਬੇਨਤੀ ਕਰਦੇ ਹਨ ਕਿ ਸ਼ਹੀਦ ਭਾਈ ਅਵਤਾਰ ਸਿੰਘ ਜੀ ਦੀ ਯਾਦ ਵਿਚ ਉਨ੍ਹਾਂ ਦੇ ਗ੍ਰਿਹ ਕੁਰਾਲਾ (ਹੁਸ਼ਿਆਰਪੁਰ) ਵਿਖੇ ੩੦ ਮਾਰਚ ਸ਼ਨੀਵਾਰ ਸਵੇਰੇ ਸ੍ਰੀ ਅਖੰਡਪਾਠ ਦੇ ਭੋਗ ਪੈਣਗੇ ਅਤੇ ਰਾਤ ਨੂੰ ਰੈਣ ਸਬਾਈ ਕੀਰਤਨ ਹੋਣਗੇ। ਆਇ ਦੀਦਾਰ ਬਖਸ਼ੋ ਤੇ ਗੁਰੂ-ਚਰਨਾਂ ਵਿਚ ਜੋੜਨ ਲਈ ਸਹਾਈ ਹੋਵੋ ਜੀ।

---

## ਪਿੰਡ ਭਠੀਆਂ (ਗੁਰਦਾਸਪੁਰ) ਵਿਖੇ ਸ਼ਹੀਦ ਭਾਈ ਹਰਭਜਨ ਸਿੰਘ ਜੀ ਦੀ ਯਾਦ ਵਿਚ ਸਮਾਗਮ

ਸ: ਜਗਤ ਸਿੰਘ ਜੀ ਪਿਤਾ ਸ਼ਹੀਦ ਭਾਈ ਹਰਭਜਨ ਸਿੰਘ ਜੀ ਬਿਨੈ ਕਰਦੇ ਹਨ ਕਿ ਸ਼ਹੀਦ ਦੀ ਯਾਦ ਵਿਚ ੬ ਅਪ੍ਰੈਲ ਸ਼ਨੀਵਾਰ ਸਵੇਰੇ.ਉਨ੍ਹਾਂ ਦੇ ਗ੍ਰਿਹ ਵਿਖੇ ਸ੍ਰੀ ਅਖੰਡਪਾਠ ਦੇ ਭੋਗ ਪੈਣਗੇ ਅਤੇ ਰਾਤ ਨੂੰ ਰੈਣ ਸਬਾਈ ਕੀਰਤਨ ਹੋਣਗੇ।

---

## ਚੰਡੀਗੜ੍ਹ ਵਿਖੇ ਸ੍ਰੀ ਅਖੰਡ ਪਾਠ ਤੇ ਅਖੰਡ ਕੀਰਤਨ

ਭਾਈ ਸਤਨਾਮ ਸਿੰਘ ਜੀ ਬੇਨਤੀ ਕਰਦੇ ਹਨ ਕਿ ਉਨ੍ਹਾਂ ਦੇ ਗ੍ਰਿਹ ਨੰਬਰ ੨੪੫ ਸੈਕਟਰ ੩੫-ਏ ਵਿਖੇ ੭ ਅਪ੍ਰੈਲ ਸਵੇਰੇ ਸ੍ਰੀ ਅਖੰਡਪਾਠ ਦੇ ਭੋਗ ਪੈਣਗੇ। ਉਪਰੰਤ ਸਾਢੇ ਬਾਰ੍ਹਾਂ ਵਜੇ ਤਕ ਸ੍ਰੀ ਆਸਾ ਦੀ ਵਾਰ ਅਤੇ ਅਖੰਡ ਕੀਰਤਨ ਹੋਣਗੇ।

---

ਪੂਰਨ ਜੀ ਤੇ ਬੀ:ਭੂਪਿੰਦਰ ਕੌਰ ਦੇ ਹੋਨਹਾਰ ਬੱਚਿਆਂ ਦੀ ਸਾਲਾਨਾ ਯਾਦ ਚਿ ੩੭ ਬ੍ਰਹਮ ਬੂਟਾ ਕਾਲੋਨੀ ਅੰਮ੍ਰਿਤਸਰ ਵਿਖੇ ੭ ਅਪ੍ਰੈਲ ਐਤਵਾਰ ਸਵੇਰੇ ਅਖੰਡਪਾਠ ਦੇ ਭੋਗ ਉਪਰੰਤ ੧੨ ਵਜੇ ਤਕ ਕੀਰਤਨ।

---

**ਸੂਰਾ ਮਾਸਕ ਪੱਤਰ, ਬਜ਼ਾਰ ਮਾਈ ਸੇਵਾਂ, ਸ੍ਰੀ ਅੰਮ੍ਰਿਤਸਰ ਜੀ**

www.AKJ.Org